https://d.docs.live.net/e32fc71998501192/Desktop/Brochure KUSUM Punjabi 23.doc

ਪੀ.ਐਮ. ਕੁਸਮ ਸਕੀਮ

ਕੰਪੋਨੈਂਟ-ਬੀ

ਅਧੀਨ

ਪੰਜਾਬ ਵਿੱਚ ਖੇਤੀ ਦੀ ਸਿੰਚਾਈ ਲਈ

3, 5, 7.5 ਅਤੇ 10 ਹਾਰਸ ਪਾਵਰ ਦੇ ਮੋਨੋਬਲਾਕ

ਅਤੇ ਸਬਮਰਸੀਬਲ (AC) ਸੋਲਰ ਪੰਪ ਲਗਾਉਣ

ਸਬੰਧੀ ਜਾਣਕਾਰੀ ।

ਪੰਜਾਬ ਊਰਜਾ ਵਿਕਾਸ ਏਜੰਸੀ
ਪਲਾਟ ਨੰ: 1-2, ਸੈਕਟਰ 33-ਡੀ, ਚੰਡੀਗੜ੍ਹ
ਫੋਨ ਨੰ: 0172-2663328,2663382
ਵੈਬਸਾਈਟ :- www.pmkusum.peda.gov.in ਅਤੇ
www.peda.gov.in

ਪੰਜਾਬ ਦੇ ਕਿਸਾਨਾਂ ਲਈ ਸੁਨਿਹਰੀ ਮੌਕਾ
ਪੰਜਾਬ ਸਰਕਾਰ ਵਲੋਂ ਪੀ.ਐਮ. ਕੁਸਮ ਸਕੀਮ ਦੇ ਕੰਪੋਨੈਂਟ-ਬੀ ਅਧੀਨ
ਪੰਜਾਬ ਵਿੱਚ ਸੋਲਰ ਪੰਪ ਲਗਾਉਣ ਵਿੱਚ ਇਕ ਹੋਰ ਕਦਮ...
ਸੋਲਰ ਪੰਪ (AC)
(ਮੋਨੋਬਲਾਕ ਅਤੇ ਸਬਮਰਸੀਬਲ)
ਸਬਸਿਡੀ

ਆਮ ਸ਼੍ਰੇਣੀ 60% (ਲਗਭੱਗ)

ਅਨੁਸੂਚਿਤ ਜਾਤੀ 80% (ਲਗਭੱਗ)

ਪੰਜਾਬ ਦੇ ਮੁੱਖ ਤੌਰ ਤੇ ਹੇਠਾਂ ਲਿੱਖੇ 37 ਬਲਾਕਾਂ (Safe ground water blocks) ਹਰੇਕ ਪ੍ਰਕਾਰ ਦੀ ਸਿੰਚਾਈ ਵਾਸਤੇ ਅਤੇ ਸਿੰਚਾਈ ਵਾਸਤੇ ਅਤੇ ਇਸ ਤੋਂ ਇਲਾਵਾ ਹਾਜ ਦੇ ਬਾਕੀ ਸਾਰੇ ਅਸੁਰੱਖਿਅਤ ਬਲਾਕਾਂ (Dark zone blocks) ਦੇ ਕਿਸਾਨਾਂ ਜੋ ਸਿੰਚਾਈ ਲਈ ਡੀਜਲ ਪੰਪਾਂ ਨਾਲ ਚੱਲਣ ਵਾਲੇ ਲਘੂ / ਮਾਈਕਰੋ ਸਿੰਚਾਈ ਸਿਸਟਮ ਦੀ ਵਰਤੋਂ ਕਰਦੇ ਹਨ ਜਾਂ ਪੁਰਾਣੇ ਬੋਰਾਂ ਤੇ ਮਾਈਕਰੋ ਸਿੰਚਾਈ ਸਿਸਟਮ ਲਗਾਉਣਾ ਚਾਹੁੰਦੇ ਹਨ ਜਾਂ ਪਿੰਡਾਂ ਦੇ ਛੱਪੜਾਂ / ਫਾਰਮ ਤਲਾਬਾਂ/ ਡਿੱਗੀਆਂ ਵਿੱਚੋਂ ਖੇਤੀ ਦੀ ਸਿੰਚਾਈ ਵਾਸਤੇ ਪਾਣੀ ਚੁੱਕਣ ਲਈ ਡੀਜਲ ਪੰਪਾਂ ਦੀ ਵਰਤੋਂ ਕਰਦੇ ਹਨ ਤੋਂ 3, 5, 7.5 ਅਤੇ 10 ਹਾਰਸਪਾਵਰ ਦੇ ਮੋਨੋਬਲਾਕ ਤੇ ਸਬਮਰਸੀਬਲ **(AC)** ਸੋਲਰ ਪੰਪ ਲਗਾਉਣ ਲਈ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ ਤੇ www.pmkusum.peda.gov.in ਤੇ ਆਨਲਾਈਨ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਅਰਜ਼ੀਆਂ ਪ੍ਰਾਪਤ ਹੋਣ ਤੋਂ ਬਾਅਦ ਪੋਰਟਲ ਆਪਣੇ ਆਪ ਬੰਦ ਹੋ ਜਾਂਦਾ ਹੈ। ਉਸ ਤੋਂ ਬਾਅਦ ਕੋਈ ਆਨ ਲਾਈਨ ਜਾਂ ਆਫ ਲਾਈਨ ਅਰਜੀਂ ਨਹੀ ਲਈਂ ਜਾਂਦੀ ਹੈ।

ਲੜੀ ਨੰ:	ਜ਼ਿਲ੍ਹਾ	37 ਸੁਰੱਖਿਅਤ ਬਲਾਕ	ਸੋਲਰ ਪੰਪ ਲਈ ਅਪਲਾਈ ਕਰਨ ਵਾਲੇ ਕਿਸਾਨਾਂ ਦੀ ਯੋਗਤਾ
1.	ਬਠਿੰਡਾ	1. ਤਲਵੰਡੀ ਸਾਬੋ 2. ਮੰਗਤ 3. ਰਾਮਪੁਰਾ	i. ਉਹ ਕਿਸਾਨ ਜੋ ਹਰੇਕ ਪ੍ਰਕਾਰ ਦੀ ਸਿੰਚਾਈ ਲਈ ਡੀਜਲ ਪੰਪਾਂ ਦੀ ਵਰਤੋਂ ਕਰਦੇ ਹਨ । ii. ਉਹ ਕਿਸਾਨ / ਪੰਚਾਇਤਾਂ ਜੋ ਪਿੰਡਾਂ ਦੇ ਤਲਾਬਾਂ, ਫਾਰਮ ਤਲਾਬਾਂ / ਡਿੱਗੀਆਂ ਵਿਚੋਂ ਸਿੰਚਾਈ ਵਾਸਤੇ ਪਾਣੀ ਚੁਕਣ ਲਈ ਡੀਜਲ ਪੰਪਾਂ ਦੀ ਵਰਤੋਂ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ। iii. ਉਹ ਕਿਸਾਨ ਜੋ ਨਵਾਂ ਬੋਰ ਕਰਕੇ ਸੋਲਰ ਪੰਪ ਲਗਾਉਣਾ ਚਾਹੁੰਦੇ ਹਨ। iv. ਕੇਵਲ ਪੰਚਾਇਤਾਂ ਜਾਂ ਰਜਿ: ਵਾਟਰ ਯੂਜ਼ਰ ਕਮੇਟੀਆਂ।
2.	ਫਾਜ਼ਿਲਕਾ	4. ਅਬੋਹਰ 5. ਅਰਨੀਵਾਲਾ ਸ਼ੇਖ ਸੁਭਨਪੁਰ 6. ਫਾਜ਼ਿਲਕਾ 7. ਖੂਈਆਂ ਸਰਵਰ	
3.	ਫਿਰੋਜ਼ਪੁਰ	8. ਮੱਖੂ	
4.	ਸ਼੍ਰੀ ਮੁਕਤਸਰ ਸਾਹਿਬ	9. ਗਿਦੜਬਾਹਾ 10. ਲੰਬੀ 11. ਮਲੋਟ 12. ਸ਼੍ਰੀ ਮੁਕਤਸਰ ਸਾਹਿਬ	
5.	ਗੁਰਦਾਸਪੁਰ	13. ਦੋਰਾਂਗਲਾ 14. ਦੀਨਾ ਨਗਰ 15. ਸ਼੍ਰੀ ਹਰਗੋਬਿੰਦਪੁਰ	
6.	ਪਠਾਨਕੋਟ	16. ਧਾਰਕਲਾਂ 17. ਪਠਾਨਕੋਟ 18. ਸੁਜਾਨਪੁਰ 19. ਬਮਿਆਲ 20. ਘਰੋਟਾ 21. ਨਰੋਟ ਜੈਮਲ ਸਿੰਘ	
7.	ਹੁਸ਼ਿਆਰਪੁਰ	22. ਹੁਸ਼ਿਆਰਪੁਰ-2 23. ਭੁੰਗਾ 24. ਹਾਜੀਪੁਰ 25. ਤਲਵਾੜਾ	

		26. ਮੁਕੇਰੀਆਂ 27. ਮਾਹਿਲਪੁਰ	
8.	ਸ਼ਹੀਦ ਭਗਤ ਸਿੰਘ ਨਗਰ	28. ਬਲਾਚੌਰ 29. ਸੜੋਆ	
9.	ਹੋਪੜ	30. ਹੋਪੜ 31. ਅਨੰਦਪੁਰ ਸਾਹਿਬ 32. ਨੂਰਪੁਰ ਬੇਦੀ	
10.	ਸਾਹਿਬਜਾਦਾ ਅਜੀਤ ਸਿੰਘ ਨਗਰ	33. ਮਾਜਰੀ	
11.	ਮਾਨਸਾ	34. ਝੁਨੀਰ 35. ਬੁਢਲਾਡਾ 36. ਸਰਦੂਲਗੜ੍ਹ	
12.	ਪਟਿਆਲਾ	37. ਘਨੌਰ	
Other blocks (Dark zone Blocks)			
1	ਸਾਰੇ ਜ਼ਿਲ੍ਹੇ	**ਉੱਪਰ ਲਿਖੇ 37 ਸੁਰੱਖਿਅਤ ਬਲਾਕਾਂ ਨੂੰ ਛੱਡ ਕੇ ਬਾਕੀ ਸਾਰੇ ਬਲਾਕ** ਨੋਟ :- ਇਹਨਾਂ ਬਲਾਕਾਂ ਵਿੱਚ ਨਵੇਂ ਬੋਰ ਨਹੀਂ ਕੀਤੇ ਜਾ ਸਕਦੇ।	i. ਉਹ ਕਿਸਾਨ ਜੋ ਸਿੰਚਾਈ ਲਈ ਡੀਜ਼ਲ ਪੰਪਾਂ ਨਾਲ ਚੱਲਣ ਵਾਲੇ (ਡਰਿਪ ਜਾਂ ਫੁਹਾਰਾ) ਸਿਸਟਮ ਦੀ ਵਰਤੋਂ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ। ii. ਉਹ ਕਿਸਾਨ, ਪੰਚਾਇਤਾਂ ਜੋ ਪਿੰਡਾਂ ਦੇ ਤਲਾਬਾਂ, ਫਾਰਮ ਤਲਾਬਾਂ, ਨਹਿਰੀ ਪਾਣੀ ਦੀਆਂ ਡਿੱਗੀਆਂ ਵਿੱਚੋਂ ਸਿੰਚਾਈ ਵਾਸਤੇ ਪਾਣੀ ਚੁੱਕਣ ਲਈ ਡੀਜ਼ਲ ਪੰਪਾਂ ਦੀ ਵਰਤੋਂ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ।

ਨੋਟ :- ਜਿਨ੍ਹਾਂ ਕਿਸਾਨਾਂ ਨੇ ਆਪਣੇ ਜਾਂ ਪਰਿਵਾਰਿਕ ਮੈਂਬਰਾਂ ਦੇ ਨਾਮ ਤੇ ਪੀ.ਐਸ.ਪੀ.ਸੀ.ਐਲ ਵਲੋਂ ਸਿੰਚਾਈ ਲਈ ਬਿਜਲੀ ਦਾ ਕੁਨੈਕਸ਼ਨ (ਮੋਟਰ) ਦਿੱਤਾ ਹੋਇਆ ਹੈ ਜਿਹਨਾਂ ਨੇ ਪਹਿਲਾਂ ਹੀ ਸੋਲਰ ਪੰਪ ਲਗਵਾਇਆ ਹੋਇਆ ਹੈ ਉਹ ਕਿਸਾਨ ਇਸ ਸਕੀਮ ਅਧੀਨ ਅਪਲਾਈ ਨਹੀਂ ਕਰ ਸਕਦੇ।

i. ਕਿਸਾਨਾਂ ਵਲੋਂ ਆਪਣੀਆਂ ਮੁਕੰਮਲ ਅਰਜੀਆਂ ਲੋੜੀਂਦੇ ਦਸਤਾਵੇਜ਼ਾਂ ਸਮੇਤ ਵੈਬਸਾਈਟ www.pmkusum.peda.gov.in ਤੇ ਆਨਲਾਈਨ ਜਮ੍ਹਾਂ ਕਰਨੀਆਂ ਹੁੰਦੀਆਂ ਹਨ ਅਤੇ ਆਪਣੇ ਹਿਸੇ ਦੀ ਰਕਮ ਵੈਬਸਾਈਟ ਤੇ ਆਨਲਾਈਨ (Net Banking, Debit Card and Credit card ਜਾਂ RTGS / NEFT) ਦਿੱਧੀ ਰਾਂਹੀ ਜਮ੍ਹਾਂ ਕਰਨੀ ਹੁੰਦੀ ਹੈ।

ii. ਪੰਜਾਬ ਸਰਕਾਰ ਨੇ ਸੋਲਰ ਪੰਪਿੰਗ ਸਕੀਮ ਨੂੰ ਸੂਬੇ ਵਿੱਚ ਲਾਗੂ ਕਰਨ ਦਾ ਫੈਸਲਾ ਕੀਤਾ ਹੈ ਜਿਸ ਤਹਿਤ ਜਨਰਲ ਸ਼੍ਰੇਣੀ ਦੇ ਕਿਸਾਨਾਂ ਨੂੰ ਲਗਭੱਗ 30% ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਨੂੰ ਲਗਭੱਗ 50% ਸਬਸਿਡੀ ਦਿੱਤੀ ਜਾਂਦੀ ਹੈ ਜਿਸਦਾ ਫੰਡਿੰਗ ਪੈਟਰਨ ਕ੍ਰਮਵਾਰ CS:SS:Benf = 30:30:40 ਅਤੇ 30:50:20 ਹੁੰਦਾ ਹੈ । ਜਨਰਲ ਸ਼ੇਣੀ ਦੇ ਕਿਸਾਨਾਂ ਨੂੰ ਕੁੱਲ 60% ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਨੂੰ 80% ਸਬਸਿਡੀ ਦਿੱਤੀ ਜਾਂਦੀ ਹੈ ਅਤੇ ਉਹਨਾਂ ਨੂੰ ਆਪਣੇ ਹਿੱਸੇ ਦੇ ਤੌਰ ਤੇ ਕ੍ਰਮਵਾਰ ਲਗਭੱਗ 40% ਅਤੇ ਲਗਭੱਗ 20% ਰਕਮ ਜਮ੍ਹਾਂ ਕਰਵਾਉਣੀ ਹੁੰਦੀ ਹੈ।

ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਸਰਕਾਰ ਦੀ ਪਾਲਿਸੀ ਵਿੱਚ ਤਬਦੀਲੀ ਹੋਣ ਤੇ ਜਾਂ ਕਿਸੇ ਹੋਰ ਕਾਰਨ ਕਰਕੇ ਸਕੀਮ ਵਾਪਿਸ ਲੈਣ / ਸਕੀਮ ਵਿੱਚ ਜਾਂ ਸਕੀਮ ਨੂੰ ਸੋਧ ਕਰਨ / ਰੱਦ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਇਸ ਨਾਲ ਹੋਣ ਵਾਲੀ ਕਿਸੇ ਵੀ ਪ੍ਰਕਾਰ ਦੀ ਅਸੁਵਿਧਾ ਲਈ ਪੇਡਾ ਦੀ ਜਿੰਮੇਵਾਰੀ ਨਹੀਂ ਹੋਵੇਗੀ ।

ਪੰਜਾਬ ਊਰਜਾ ਵਿਕਾਸ ਏਜੰਸੀ
ਪਲਾਟ ਨੰ 1-2, ਸੈਕਟਰ 33-ਡੀ, ਚੰਡੀਗੜ੍ਹ
ਫੋਨ ਨੰ 0172-2663328, 2663382
ਵੈਬਸਾਈਟ:- www.pmkusum.peda.gov.in ਅਤੇ **www.peda.gov.in**

https://d.docs.live.net/e32fc7199850119?/Desktop/Brochure KUSUM Punjabi 23 docx

ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) :-

ਪੰਜਾਬ ਊਰਜਾ ਵਿਕਾਸ ਏਜੰਸੀ ਨਵੇਂ ਅਤੇ ਨਵਿਆਉਣਯੋਗ ਊਰਜਾ ਸਰੋਤਾਂ ਨੂੰ ਲਾਗੂ ਕਰਨ, ਪ੍ਰੋਮੋਟ ਕਰਨ ਅਤੇ ਵਿਕਸਿਤ ਕਰਨ ਲਈ ਪੰਜਾਬ ਸਰਕਾਰ ਦਾ ਨੋਡਲ ਅਤੇ ਊਰਜਾ ਸੰਜਮ ਪ੍ਰੋਗਰਾਮ ਨੂੰ ਲਾਗੂ ਕਰਨ ਦਾ ਅਧਿਕਾਰਿਤ ਅਦਾਰਾ ਹੈ। ਪੇਡਾ ਵਲੋਂ ਸ਼ੁਰੂ ਤੋਂ ਹੀ ਨਵਿਆਉਣਯੋਗ ਊਰਜਾ ਸਰੋਤਾਂ (ਸੂਰਜ, ਹਵਾ, ਬਾਇਓਮਾਸ ਤੇ ਪਾਣੀ) ਤੋਂ ਊਰਜਾ ਪੈਦਾ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪੰਜਾਬ ਦੀਆਂ ਊਰਜਾ ਜਰੂਰਤਾਂ ਨੂੰ ਪੂਰਾ ਕਰਨ ਲਈ ਸੋਲਰ ਪਾਵਰ ਪਲਾਂਟ, ਸੋਲਰ ਸਟੀਰਟ ਲਾਈਟਾਂ, ਸੋਲਰ ਪੰਪ, ਬਾਇਓਮਾਸ ਪਾਵਰ ਪਲਾਂਟ, ਕੋਜਨਰੇਸ਼ਨ ਪਾਵਰ ਪਲਾਂਟ ਅਤੇ ਛੋਟੇ ਪਣ ਬਿਜਲੀ ਘਰ ਸਥਾਪਿਤ ਕੀਤੇ ਜਾ ਰਹੇ ਹਨ।

1. ਪੀ.ਐਮ ਕੁਸਮ ਸਕੀਮ :-

ਭਾਰਤ ਸਰਕਾਰ ਦੇ ਨਵੇਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਵਲੋਂ ਖੇਤੀਬਾੜੀ ਸੈਕਟਰ ਵਿੱਚ ਸੋਲਰ ਊਰਜਾ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਕਿਸਾਨ ਊਰਜਾ ਸੁਰੱਖਿਆ ਏਵਮ ਉਥਾਨ ਮਹਾਅਭਿਆਨ (ਪੀ.ਐਮ-ਕੁਸਮ) ਸਕੀਮ ਦੀ ਸ਼ੁਰੂਆਤ ਕਿਸਾਨਾਂ ਨੂੰ ਊਰਜਾ ਸੁਰੱਖਿਆ, ਆਮਦਨ ਵਧਾਉਣ, ਊਰਜਾ ਦੇ ਰਵਾਇਤੀ ਸਰੋਤਾਂ ਅਤੇ ਵਾਤਾਵਰਣ ਨੂੰ ਬਚਾਉਣ ਦੇ ਮਕਸਦ ਨਾਲ ਕੀਤੀ ਗਈ ਹੈ ।

ਪੀ.ਐਮ ਕੁਸਮ ਸਕੀਮ ਦੇ ਤਿੰਨ ਕੰਪੋਨੈਂਟ ਹਨ। **ਕੰਪੋਨੈਂਟ-ਏ** ਅਧੀਨ ਕਿਸਾਨ 2 ਮੈਗਾਵਾਟ ਤੱਕ ਦੇ ਸੋਲਰ ਪਾਵਰ ਪਲਾਂਟ, **ਕੰਪੋਨੈਂਟ-ਬੀ** ਅਧੀਨ ਸਟੈਂਡ ਅਲੋਨ ਆਫ ਗਰਿੱਡ ਸੋਲਰ ਪੰਪ ਅਤੇ **ਕੰਪੋਨੈਂਟ-ਸੀ** ਅਧੀਨ ਗਰਿੱਡ ਕੁਨੈਕਟਡ ਸੋਲਰ ਪੰਪ ਸਥਾਪਿਤ ਕੀਤੇ ਜਾਣੇ ਹਨ। ਹੁਣ ਇਸ ਸਕੀਮ ਦੇ ਕੰਪੋਨੈਂਟ ਬੀ ਅਧੀਨ ਪੰਜਾਬ ਵਿੱਚ 17928 ਸੋਲਰ ਪੰਪ ਵਿਸ਼ੇਸ਼ ਸਬਸਿਡੀ ਤੇ ਲਗਾਏ ਜਾ ਚੁੱਕੇ ਹਨ। ਭਾਰਤ ਸਰਕਾਰ ਵਲੋਂ ਸੋਲਰ ਪੰਪ ਲਗਾਉਣ ਤੇ ਲਗਭੱਗ 30% ਸਬਸਿਡੀ ਦਿੱਤੀ ਗਈ ਹੈ।

ਪੀ.ਐਮ ਕੁਸਮ ਸਕੀਮ ਦੀਆਂ ਗਾਈਡ ਲਾਈਨਾਂ ਅਨੁਸਾਰ ਇਹ ਸਕੀਮ ਪੰਜਾਬ ਵਿੱਚ ਮੁੱਖ ਤੌਰ ਤੇ 37 ਸੁੱਰਖਿਅਤ ਬਲਾਕਾਂ ਜਿਨ੍ਹਾਂ ਵਿੱਚ ਪਾਣੀ ਦੀ ਨਿਕਾਸੀ 100% ਤੋਂ ਘੱਟ ਹੈ, ਵਿੱਚ ਹਰੇਕ ਪ੍ਰਕਾਰ ਦੀ ਸਿੰਚਾਈ ਵਾਸਤੇ ਲਾਗੂ ਕੀਤੀ ਜਾਣੀ ਹੈ। ਇਹਨਾਂ ਬਲਾਕਾਂ ਦੇ ਕਿਸਾਨ ਨਵੇਂ ਅਤੇ ਪੁਰਾਣੇ ਬੋਰਾਂ ਤੇ ਸੋਲਰ ਪੰਪ ਲਗਾ ਸਕਦੇ ਹਨ ਜਦੋਂ ਕਿ ਅਸੁੱਰਖਿਅਤ (Dark zones) ਬਲਾਕਾਂ ਦੇ ਕਿਸਾਨ ਪਹਿਲਾਂ ਤੋਂ ਲੱਗੇ ਹੋਏ ਡੀਜ਼ਲ ਇੰਜਣਾਂ ਨਾਲ ਚੱਲਣ ਵਾਲੇ ਮਾਇਕਰੋ ਸਿਸਟਮ ਜਾਂ ਫਿਰ ਪੁਰਾਣੇ ਬੋਰਾਂ ਤੇ ਨਵੇਂ ਮਾਇਕਰੋ ਸਿਸਟਮ ਲਗਾ ਕੇ ਜਾਂ ਪਿੰਡਾਂ ਦੇ ਛੱਪੜਾਂ ਜਾਂ ਫਾਰਮ ਤਲਾਬਾਂ, ਡਿੱਗੀਆਂ ਜੋ ਨਹਿਰੀ ਜਾਂ ਦਰਿਆਈ ਪਾਣੀ ਨਾਲ ਭਰਦੀਆਂ ਹਨ, ਤੋਂ ਪਾਣੀ ਚੁੱਕਣ ਲਈ ਲਾਗੂ ਕੀਤੀ ਜਾਣੀ ਹੈ। ਇਹਨਾਂ ਬਲਾਕਾਂ ਵਿੱਚ ਨਵੇਂ ਬੋਰਾਂ ਤੇ ਸੋਲਰ ਪੰਪ ਨਹੀਂ ਲਗਾਏ ਜਾ ਸਕਦੇ। 3, 5, 7.5 ਅਤੇ 10 ਹਾਰਸ ਪਾਵਰ ਦੇ ਮੋਨੋਬਲਾਕ ਤੇ ਸਬਮਰਸੀਬਲ **(AC)** ਸੋਲਰ ਪੰਪ ਸੁਰੱਖਿਅਤ ਅਤੇ ਅਸੁਰੱਖਿਅਤ ਬਲਾਕਾਂ ਦੇ ਖੇਤੀਬਾੜੀ ਸੈਕਟਰ ਵਿੱਚ ਹੇਠਾਂ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਲਗਾਏ ਜਾਂਦੇ ਹਨ।

https://d.docs.live.net/e32fc7199850119?/Desktop/Brochure KUSUM Punjabi 23.docx

2. ਸੋਲਰ ਪੰਪ ਅਤੇ ਮੁੱਖ ਭਾਗ

ਸੂਰਜੀ ਊਰਜਾ ਨਾਲ ਚੱਲਣ ਵਾਲੇ ਪੰਪਿੰਗ ਸਿਸਟਮ ਨੂੰ ਸੋਲਰ ਪੰਪ ਕਿਹਾ ਜਾਂਦਾ ਹੈ। ਸੋਲਰ ਪੰਪ ਦਿਨ ਵੇਲੇ ਚਲਦਾ ਹੈ ਅਤੇ ਪੂਰੀ ਤਰ੍ਹਾਂ ਪ੍ਰਦੂਸ਼ਣ ਰਹਿਤ ਹੁੰਦਾ ਹੈ। ਡੀਜ਼ਲ ਪੰਪ ਦੇ ਮੁਕਾਬਲੇ ਇਸ ਦੀ ਮੁਰੰਮਤ ਬਹੁਤ ਘੱਟ ਹੁੰਦੀ ਹੈ। ਇਸ ਵਿੱਚ ਸੋਲਰ ਫੋਟੋਵੋਲਟੈਕ ਪੈਨਲ, ਸਬਮਰਸੀਬਲ ਮੋਟਰ ਪੰਪ ਸੈੱਟ, ਕੰਟਰੋਲ ਸਵਿੱਚ, ਇਨਵਰਟਰ/ਕੰਟਰੋਲਰ, ਤਾਰਾਂ ਅਤੇ ਜੀ.ਆਈ ਢਾਂਚਾ/ਸਟੈਂਡ ਹੁੰਦੇ ਹਨ। ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਸੋਲਰ ਪੰਪ ਅਤੇ ਖੇਤੀ ਦੀ ਸਿੰਚਾਈ ਡੀਜ਼ਲ ਪੰਪਾਂ ਰਾਹੀ ਕਰਨ ਵਾਲੇ ਬਹੁਤ ਲਾਭਕਾਰੀ ਹਨ।

i. **ਸੋਲਰ ਪੰਪ ਕਿਵੇਂ ਕੰਮ ਕਰਦਾ ਹੈ:-** ਸੂਰਜ ਦੀ ਊਰਜਾ, ਕਿਰਨਾਂ ਦੇ ਰੂਪ ਵਿੱਚ ਸੋਲਰ ਪੈਨਲਾਂ ਤੇ ਪੈਂਦੀ ਹੈ ਅਤੇ ਬਿਜਲੀ ਵਿੱਚ ਤਬਦੀਲ ਹੋ ਕੇ ਤਾਰਾਂ ਦੁਆਰਾ ਇਨਵਰਟਰ/ਕੰਟਰੋਲਰ ਵਿਚੋਂ ਹੁੰਦੀ ਹੋਈ ਸੋਲਰ ਪੰਪ ਨੂੰ ਚਲਾ ਕੇ ਪਾਣੀ ਕੱਢਣ ਦਾ ਕੰਮ ਕਰਦੀ ਹੈ। ਸੋਲਰ ਪੰਪ ਦੇ ਮੁੱਖ ਭਾਗਾਂ ਦਾ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ ।


ii. **ਸੋਲਰ Array (ਸੋਲਰ ਮੋਡਿਊਲ) :-**ਸੋਲਰ Array, ਸੋਲਰ ਮੋਡਿਊਲਾਂ ਨੂੰ ਸਮਾਨ ਅੰਤਰ ਅਤੇ ਸੀਰੀਜ ਵਿੱਚ ਜੋੜ ਕੇ ਬਣਦਾ ਹੈ ਤਾਂ ਕਿ ਲੋੜੀਂਦਾ ਕਰੰਟ ਅਤੇ ਵੋਲਟੇਜ਼ ਪ੍ਰਾਪਤ ਹੋ ਸਕੇ।

iii. **ਏ.ਸੀ. ਪੰਪ :-** ਏ.ਸੀ. ਪੰਪ ਇਕ ਆਮ ਮੋਟਰ ਅਤੇ ਪੰਪ ਹੈ ਜੋ ਅਲਟਰਨੇਟ ਕਰੰਟ ਨਾਲ ਚੱਲ ਕੇ ਪਾਣੀ ਕੱਢਦਾ ਹੈ।

iv. **ਕੰਟਰੋਲਰ / ਇਨਵਰਟਰ :-** ਇਲੈਕਟ੍ਰੋਨਿਕ ਕੰਟਰੋਲਰ ਅਤੇ ਇਨਵਰਟਰ ਕ੍ਰਮਵਾਰ ਏ.ਸੀ. ਅਤੇ ਡੀ.ਸੀ. ਪੰਪਾਂ ਲਈ ਵਰਤੇ ਜਾਂਦੇ ਹਨ। ਕੰਟਰੋਲਰ ਡੀ.ਸੀ ਪੰਪ ਨੂੰ ਚਲਾਉਂਦਾ ਹੈ ਜਦੋਂ ਕਿ ਇਨਵਰਟਰ ਡੀ.ਸੀ ਕੰਰਟ ਨੂੰ ਏ.ਸੀ. ਕੰਰਟ ਵਿੱਚ ਤਬਦੀਲ ਕਰਕੇ ਏ.ਸੀ. ਪੰਪ ਨੂੰ ਚਲਾਉਂਦਾ ਹੈ।

v. **ਸੋਲਰ ਮੋਡਿਊਲਾਂ ਦਾ ਢਾਂਚਾ :-** ਇਹ ਢਾਂਚਾ ਲੋਹੇ ਦਾ ਬਣਿਆ ਹੁੰਦਾ ਹੈ ਜਿਸ ਉਤੇ ਜਿਸਤ ਦੀ ਪਰਤ ਚੜਾਈ ਜਾਂਦੀ ਹੈ ਇਸ ਨੂੰ ਮੌਸਮ ਅਨੁਸਾਰ ਅਡਜਸਟਮੈਂਟ ਕਰਨ ਅਤੇ ਦਿਨ ਵਿੱਚ ਤਿੰਨ ਵਾਰ ਸਵੇਰੇ, ਦੁਪਹਿਰੇ ਅਤੇ ਸ਼ਾਮ ਨੂੰ ਘੁਮਾਉਣ ਦਾ ਪ੍ਰਬੰਧ ਹੁੰਦਾ ਹੈ ਤਾਂ ਜੋ ਵੱਧ ਤੋਂ ਵੱਧ ਸੂਰਜੀ ਊਰਜਾ ਸੋਲਰ ਪੈਨਲਾਂ ਤੇ ਪਵੇ ਅਤੇ ਵੱਧ ਪਾਣੀ ਕੱਢਿਆ ਜਾ ਸਕੇ ।

ਸੋਲਰ ਪੰਪ ਦਾ ਚਿੱਤਰ :-



https://d.docs.live.net/e32fc/19985011192/Desktop/Brochure KUSUM Punjabi 23.docx

3. ਸੋਲਰ ਪੰਪ ਦੇ ਲਾਭ ਅਤੇ ਖਾਮੀਆਂ :-

- ਸੋਲਰ ਪੰਪ ਦਿਨ ਵੇਲੇ ਹੀ ਕੰਮ ਕਰਦਾ ਹੈ ਇਸ ਲਈ ਰਾਤ ਨੂੰ ਕੰਮ ਕਰਨ ਦੀ ਲੋੜ ਨਹੀ ।
- ਇੰਧਣ ਦਾ ਕੋਈ ਖਰਚਾ ਨਹੀਂ, ਸਿਰਫ਼ ਸੂਰਜ ਦੀ ਰੌਸ਼ਨੀ ਨਾਲ ਚਲਦਾ ਹੈ।
- ਰਵਾਇਤੀ ਬਿਜਲੀ ਅਤੇ ਡੀਜ਼ਲ ਦੀ ਕੋਈ ਲੋੜ ਨਹੀਂ ।
- ਨਾ ਬਿਜਲੀ ਦੀ ਲੰਬੀ ਸਪਲਾਈ ਲਾਈਨ ਦੀ ਜਰੂਰਤ ਅਤੇ ਨਾ ਹੀ ਬਿਜਲੀ ਦੇ ਫਜ਼ੂਲ ਖਰਚ ਹੋਣ ਦੀ ਸਮੱਸਿਆ।
- ਚਲਾਉਣ ਵਿੱਚ ਅਸਾਨ ਅਤੇ ਵਧੇਰੇ ਮਿਆਦ।
- ਪੂਰੀ ਤਰ੍ਹਾਂ ਭਰੋਸੇਮੰਦ ਅਤੇ ਪ੍ਰਦੂਸ਼ਣ ਰਹਿਤ।
- ਸੋਲਰ ਪੰਪ, ਬੱਦਲਾਂ ਅਤੇ ਧੁੰਦ ਵਿੱਚ ਕੰਮ ਨਹੀਂ ਕਰਦਾ ।
- ਪਾਣੀ ਦੀ ਨਿਕਾਸੀ ਧੁੱਪ ਅਨੁਸਾਰ ਘੱਟ-ਵੱਧ ਹੁੰਦੀ ਰਹਿੰਦੀ ਹੈ।
- ਸੋਲਰ ਪੈਨਲਾਂ ਤੋਂ ਲੋੜੀਂਦੀ ਪਾਵਰ ਲੈਣ ਲਈ ਇਹਨਾਂ ਨੂੰ ਨਿਯਮਤ ਤੌਰ ਤੇ ਸਾਫ਼ ਕਰਨਾ ਪੈਂਦਾ ਹੈ।

4. ਪਾਣੀ ਦੀ ਨਿਕਾਸੀ ਦਾ ਵੇਰਵਾ :-

ਲੜੀ ਨੰ.	ਪਾਣੀ ਦੀ ਡੂੰਘਾਈ		ਸੋਲਰ ਪੰਪਾਂ ਦੀ ਸਮਰੱਥਾ ਅਤੇ ਪਾਣੀ ਦੀ ਔਸਤਨ ਨਿਕਾਸੀ (ਲੱਖ ਲੀਟਰ ਪ੍ਰਤੀ ਦਿਨ)			
	ਮੀਟਰਾਂ ਵਿੱਚ	(ਫੁੱਟਾਂ ਵਿੱਚ)	3 (HP)	5 (HP)	7.5 (HP)	10 (HP)
1.	10	33	2.30	3.70	5.40	7.30
2.	20	66	1.10	1.75	2.60	3.50
3.	30	98	0.80	1.30	2.00	2.50
4.	50	164	0.50	0.80	1.20	1.40
5.	70	230	--	--	0.80	1.00

ਉਕਤ ਟੇਬਲ ਵਿੱਚ ਦਰਸਾਈ ਗਈ ਪਾਣੀ ਦੀ ਨਿਕਾਸੀ, ਸਾਫ ਸੁਥਰੇ ਧੁੱਪ ਵਾਲੇ ਦਿਨ ਵਿੱਚ ਸੋਲਰ ਪੈਨਲਾਂ ਦੀ ਤਿੰਨ ਵਾਰੀ ਦਿਸ਼ਾ ਬਦਲਣ ਤੇ ਅਧਾਰਿਤ ਹੈ।

ਨੋਟ :-

- ਮੋਨੋਬਲਾਕ ਸੋਲਰ ਪੰਪ ਸਿਰਫ 23 ਫੁੱਟ ਦੀ ਡੂੰਘਾਈ ਤੱਕ ਦੇ ਪਾਣੀ ਲਈ ਹੀ ਢੁਕਵੇਂ ਹਨ ।
- 3 ਅਤੇ 5 ਐਚ.ਪੀ ਸਮਰੱਥਾ ਦੇ ਸਬਮਰਸੀਬਲ ਸੋਲਰ ਪੰਪ ਵੱਧ ਤੋਂ ਵੱਧ 164 ਫੁੱਟ ਅਤੇ 7.5 ਅਤੇ 10 ਐਚ.ਪੀ ਸਮੱਰਥਾ ਦੇ ਸੋਲਰ ਪੰਪ 230 ਫੁੱਟ ਦੀ ਡੂੰਘਾਈ ਤੱਕ ਦੇ ਪਾਣੀ ਲਈ ਹੀ ਢੁਕਵੇਂ ਹਨ।

5. ਲੋੜੀਂਦੀ ਜ਼ਮੀਨ, ਛਾਂ ਰਹਿਤ ਏਰੀਆ ਅਤੇ ਬੋਰ ਦੇ ਸਾਈਜ਼ ਦਾ ਵੇਰਵਾ :-

ਲੜੀ ਨੰ:	ਸੋਲਰ ਪੰਪ ਦੀ ਸਮਰੱਥਾ (ਹਾਰਸਪਾਵਰ)	ਸਿੰਚਾਈ ਲਈ ਘੱਟੋ-ਘੱਟ ਲੋੜੀਂਦੀ ਜ਼ਮੀਨ (ਏਕੜਾਂ ਵਿੱਚ)	ਸੋਲਰ ਪੰਪ ਲਗਾਉਣ ਲਈ ਛਾਂ ਰਹਿਤ ਏਰੀਆ (sft.)	ਬੋਰ ਸਾਈਜ (inches) (ਲੱਗਭਗ)	
				ਮੋਨੋਬਲਾਕ ਪੰਪ	ਸਬਮਰਸੀਬਲ ਪੰਪ
1.	3	2	300	4	6
2.	5	3	500	6	8

https://d.docs.live.net/e32fc7199850119?/Desktop/Brochure KUSUM Punjabi 23.docx

3.	7.5	5	750	6	10
4.	10	7	1000	6	12

6. ਅਲਾਟਮੈਂਟ ਦੀ ਵਿਧੀ ਅਤੇ ਹੋਰ ਸ਼ਰਤਾਂ :-

a. ਇਸ ਸਕੀਮ ਅਧੀਨ ਪੰਜਾਬ ਰਾਜ ਵਿੱਚ 3, 5, 7.5 ਅਤੇ 10 ਹਾਰਸਪਾਵਰ ਦੇ ਸੋਲਰ ਪੰਪ ਲਗਾਏ ਜਾਂਦੇ ਹਨ। ਸੋਲਰ ਪੰਪ ਪਿਛੜੀਆਂ ਸ਼੍ਰੇਣੀਆਂ ਦੇ ਕਿਸਾਨਾਂ ਅਤੇ ਗ੍ਰਾਮ ਪੰਚਾਇਤਾਂ ਲਈ ਰਾਖਵੇਂ ਹੁੰਦੇ ਹਨ। ਗ੍ਰਾਮ ਪੰਚਾਇਤਾਂ ਅਤੇ ਅਨੁਸੂਚਿਤ ਜਾਤੀ ਦੇ ਪੂਰੇ ਕਿਸਾਨ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਰਾਖਵੇਂ ਰੱਖੇ ਪੰਪਾਂ ਵਿੱਚੋਂ ਬਾਕੀ ਬਚਦੇ ਪੰਪ, ਆਮ ਸ਼੍ਰੇਣੀ ਦੇ ਕਿਸਾਨਾਂ ਨੂੰ ਅਲਾਟ ਕਰ ਦਿੱਤੇ ਜਾਂਦੇ ਹਨ। ਲੱਘੂ / ਮਾਈਕਰੋ ਸਿੰਚਾਈ ਵਾਲੇ ਕਿਸਾਨਾਂ ਨੂੰ ਸੋਲਰ ਪੰਪ ਅਲਾਟ ਕਰਨ ਵਿੱਚ ਪਹਿਲ ਦਿੱਤੀ ਜਾਂਦੀ ਹੈ ਅਤੇ ਸੀਨੀਅਰਤਾ ਸੂਚੀ ਵਿੱਚ ਉਨ੍ਹਾਂ ਨੂੰ ਸੱਭ ਤੋਂ ਉੱਪਰ ਰੱਖਿਆ ਜਾਂਦਾ ਹੈ। ਸੋਲਰ ਪੰਪ ਲਗਾਉਣ ਲਈ ਅਰਜੀਆਂ ਪਿਹਲਾਂ ਆਓ ਪਹਿਲਾਂ ਪਾਓ ਦੇ ਅਧਾਰ ਤੇ ਲਈਆਂ ਜਾਂਦੀਆਂ ਹਨ। ਬਿਨੈਕਾਰਾਂ ਨੂੰ ਆਪਣੀਆਂ ਅਰਜੀਆਂ, ਅਲਾਟਮੈਂਟ ਦੀ ਵਿਧੀ ਅਤੇ ਸ਼ਰਤਾਂ ਨੂੰ ਧਿਆਨ ਨਾਲ ਪੜ ਕੇ ਵੈਬਸਾਈਟ www.pmkusum.peda.gov.in ਤੇ ਆਨਲਾਈਨ ਜਮ੍ਹਾਂ ਕਰਨੀਆਂ ਹੁੰਦੀਆਂ ਹਨ । ਹਰੇਕ ਬਿਨੈਕਾਰ ਨੂੰ ਵੈਬ-ਸਾਈਟ ਰਾਹੀਂ ਬਿਨੈ-ਪੱਤਰ ਅਲਾਟ ਕੀਤੇ ਜਾਂਦੇ ਹਨ ।

b. ਇਹ ਸਕੀਮ ਉਹਨਾਂ ਕਿਸਾਨਾਂ/ ਕਿਸਾਨ ਸਮੂਹਾਂ / ਗ੍ਰਾਮ ਪੰਚਾਇਤਾਂ / ਫਾਰਮਰ ਉਤਪਾਦਕ ਸਮੂਹਾਂ ਅਤੇ ਪਾਣੀ ਦੀ ਵਰਤੋਂ ਕਾਰ ਸਮੂਹਾਂ ਲਈ ਹੈ ਜੋ ਮਾਲ ਰਿਕਾਰਡ ਅਨੁਸਾਰ ਜ਼ਮੀਨ ਦੇ ਅਸਲੀ ਮਾਲਕ ਹਨ ਭਾਵਕਿ ਜਿਨ੍ਹਾਂ ਕਿਸਾਨਾਂ ਕੋਲ ਜ਼ਮੀਨ ਲੀਜ਼ ਜਾਂ ਠੇਕੇ ਤੇ ਹੈ ਉਹ ਇਸ ਸਕੀਮ ਅਧੀਨ ਅਪਲਾਈ ਕਰਨ ਦੇ ਯੋਗ ਨਹੀਂ ਹਨ ਅਤੇ ਉਹਨਾਂ ਨੂੰ ਸੋਲਰ ਪੰਪ ਅਲਾਟ ਨਹੀਂ ਕੀਤੇ ਜਾਂਦੇ ਹਨ । ਕਿਸਾਨ ਆਪਣੀ ਜ਼ਮੀਨ ਦੀ ਸਿੰਚਾਈ ਲਈ ਡੀਜ਼ਲ ਪੰਪਾਂ ਰਾਹੀਂ ਕਰਦੇ ਹੋਣ ਚਾਹੀਦੇ ਹਨ ਅਤੇ ਜਿਸ ਜਮੀਨ ਉੱਤੇ ਸੋਲਰ ਪੰਪ ਲਗਾਉਣਾ ਚਾਹੁੰਦੇ ਹਨ ਉਸ ਜਮੀਨ ਤੇ ਕਿਸਾਨ ਜਾਂ ਕਿਸਾਨ ਦੇ ਪਰੀਵਾਰ ਦੇ ਮੈਂਬਰਾਂ ਦੇ ਨਾਮ ਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਲੋਂ ਖੇਤੀ ਦੀ ਸਿੰਚਾਈ ਕਰਨ ਲਈ ਬਿਜਲੀ ਵਾਲੀ ਮੋਟਰ ਦਾ ਕੁਨੈਕਸ਼ਨ ਨਹੀਂ ਦਿੱਤਾ ਹੋਣਾ ਚਾਹੀਦਾ।

i. ਉਹ ਕਿਸਾਨ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਸਾਝੀਂ ਹੈ ਅਤੇ ਇਕ ਕਿਸਾਨ ਦੀ ਜ਼ਮੀਨ ਸੋਲਰ ਪੰਪ ਲਗਾਉਣ ਲਈ ਪੂਰੀ ਨਹੀਂ ਹੁੰਦੀ ਤਾਂ ਉਹ ਇੱਕਠੇ ਹਲ ਕੇ ਇਸ ਸਕੀਮ ਅਧੀਨ ਅਪਲਾਈ ਕਰ ਸਕਦੇ ਹਨ, ਪ੍ਰੰਤੂ ਇਹਨਾਂ ਸਾਰੇ ਕਿਸਾਨਾਂ ਦੇ ਨਾਮ ਬਿਨੈ ਪੱਤਰ ਫਾਰਮ, ਪਟਵਾਰੀ ਅਤੇ ਪੀ.ਐਸ.ਪੀ.ਸੀ.ਐਲ ਵਲੋਂ ਜਾਰੀ ਕੀਤੇ ਸਰਟੀਫਿਕੇਟਾਂ ਜਾਂ ਹਲਫੀਆ ਬਿਆਨ ਵਿੱਚ ਦਰਜ ਹੋਣੇ ਚਾਹੀਦੇ ਹਨ।

ii. ਇੱਕ ਕਿਸਾਨ / ਕਿਸਾਨ ਸਮੂਹ ਨੂੰ ਸਿਰਫ਼ ਇੱਕ ਸੋਲਰ ਪੰਪ ਹੀ ਅਲਾਟ ਕੀਤਾ ਜਾਵੇਗਾ। ਇਸ ਲਈ ਹਰੇਕ ਕਿਸਾਨ ਨੂੰ ਲੋੜੀਂਦੀ ਸਮਰੱਥਾ ਦੇ ਪੰਪ ਲਈ ਹੀ ਅਪਲਾਈ ਕਰਨਾ ਹੋਵੇਗਾ ਅਤੇ ਬਿਨੈਪੱਤਰ ਵਿੱਚ ਪੰਪ ਦੀ ਸਮਰੱਥਾ ਲਿਖਣੀ ਹੋਵੇਗੀ। ਪਤੀ, ਪਤਨੀ ਅਤੇ ਕੁਆਰੇ ਬੱਚਿਆਂ ਨੂੰ ਇੱਕ ਪਰਿਵਾਰ (ਕਿਸਾਨ) ਮੰਨਿਆ ਜਾਵੇਗਾ ਅਤੇ ਉਹ ਇਕੱਠੇ ਜਾਂ ਕਿਸੇ ਇਕ ਨਾਮ ਤੇ ਅਪਲਾਈ ਕਰ ਸਕਦੇ ਹਨ । ਅਗਰ ਪਰਿਵਾਰ ਦੇ ਦੋ ਜਾਂ ਦੋ ਤੋਂ ਵੱਧ ਮੈਂਬਰ ਅੱਲਗ ਅੱਲਗ ਅਪਲਾਈ ਕਰਦੇ ਹਨ ਅਤੇ ਇਸ ਦਾ ਪਤਾ ਪੇਡਾ ਨੂੰ

https://d.docs.live.net/e32fc7199850119?/Desktop/Brochure KUSUM Punjabi 23.docx

ਲੱਗ ਜਾਂਦਾ ਹੈ ਤਾਂ ਸਿਰਫ ਇੱਕ ਪੰਪ ਹੀ ਅਲਾਟ ਕੀਤਾ ਜਾਵੇਗਾ ਅਤੇ ਦੂਜਿਆਂ ਵੱਲੋਂ ਜਮ੍ਹਾਂ ਕਰਵਾਈ ਗਈ ਰਾਕਮ ਵਿੱਚੋਂ 10% ਰਾਸ਼ੀ ਕੱਟ ਕੇ ਬਾਕੀ ਬਚਦੀ ਰਾਸ਼ੀ ਵਾਪਿਸ ਕੀਤੀ ਜਾਵੇਗੀ। ਅਗਰ ਕਸੇ ਤਰ੍ਹਾਂ ਅਜਿਹੇ ਕਿਸਾਨ ਸੋਲਰ ਪੰਪ ਲਗਾਉਣ ਵਿੱਚ ਸਫਲ ਹੋ ਜਾਂਦੇ ਹਨ ਅਤੇ ਪੇਡਾ ਨੂੰ ਬਾਅਦ ਵਿੱਚ ਇਸ ਦਾ ਪਤਾ ਲੱਗ ਜਾਂਦਾ ਹੈ ਤਾਂ ਇਹਨਾਂ ਕਿਸਾਨਾਂ ਨੂੰ ਸੋਲਰ ਪੰਪ ਦੀ ਪੂਰੀ ਕੀਮਤ ਸਰਕਾਰ / ਪੇਡਾ ਨੂੰ ਵਾਪਿਸ ਕਰਨੀ ਪਵੇਗੀ।

iii. ਪੰਚਾਇਤਾਂ ਨੂੰ ਗ੍ਰਾਮ ਪੰਚਾਇਤ ਦੇ ਨਾਮ ਤੇ ਹੀ ਅਪਲਾਈ ਕਰਨਾ ਹੋਵੇਗਾ ਨਾ ਕਿ ਸਰਪੰਚ ਦੇ ਨਾਮ ਤੇ।

iv. ਸੋਲਰ ਪੰਪ ਉਹਨਾਂ ਕਿਸਾਨਾਂ ਨੂੰ ਅਲਾਟ ਨਹੀਂ ਕੀਤੇ ਜਾਣਗੇ ਜਿਨ੍ਹਾਂ ਨੇ ਖੁਦ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਪਹਿਲਾਂ ਹੀ 3 ਹਾਰਸ ਪਾਵਰ ਜਾਂ ਉਸ ਤੋਂ ਵੱਧ ਸਮੱਰਥਾ ਦੇ ਸੋਲਰ ਪੰਪ ਕਿਸੇ ਸਰਕਾਰੀ ਵਿਭਾਗ / ਪੇਡਾ / ਨਾਬਾਰਡ ਤੋਂ ਲਗਵਾਏ ਹਨ, ਅਤੇ ਉਹ ਕਿਸਾਨ ਇਸ ਸਕੀਮ ਅਧੀਨ ਅਪਲਾਈ ਕਰਨ ਦੇ ਯੋਗ ਨਹੀਂ ਹਨ । ਅਗਰ ਅਜਿਹੇ ਕਿਸਾਨ ਇਸ ਸਕੀਮ ਅਧੀਨ ਅਪਲਾਈ ਕਰਦੇ ਹਨ ਅਤੇ ਪੇਡਾ ਨੂੰ ਇਸ ਦਾ ਪਤਾ ਲੱਗ ਜਾਂਦ ਹੈ ਤਾਂ ਉਹਨਾਂ ਵਲੋਂ ਜਮਾਂ ਕਰਵਾਈ ਗਈ ਰਕਮ ਵਿੱਚੋਂ 10% ਦੇ ਹਿਸਾਬ ਨਾਲ ਬਣਦੀ ਰਾਸ਼ੀ ਕੱਟ ਬਾਕੀ ਬਚਦੀ ਰਾਸ਼ੀ ਵਾਪਿਸ ਕੀਤੀ ਜਾਵੇਗੀ। ਅਗਰ ਕਿਸੇ ਤਰ੍ਹਾਂ ਅਜਿਹੇ ਕਿਸਾਨ ਸੋਲਰ ਪੰਪ ਲਗਾਉਣ ਵਿੱਚ ਸਫਲ ਹੋ ਜਾਂਦੇ ਹਨ ਅਤੇ ਪੇਡਾ ਨੂੰ ਬਾਅਦ ਵਿੱਚ ਇਸ ਦਾ ਪਤਾ ਲੱਗ ਜਾਂਦਾ ਹੈ ਤਾਂ ਇਹਨਾਂ ਕਿਸਾਨਾਂ ਨੂੰ ਸੋਲਰ ਪੰਪ ਦੀ ਪੂਰੀ ਕੀਮਤ ਸਰਕਾਰ / ਪੇਡਾ ਨੂੰ ਵਾਪਿਸ ਦੇਣੀ ਹੋਵੇਗੀ ।

v. ਕਿਸਾਨ ਕੋਲ ਸੋਲਰ ਪੰਪ ਲਗਾਉਣ ਲਈ ਪਿੰਡ ਵਿੱਚ ਲੋੜੀਂਦੀ ਜਮੀਨ ਇੱਕ ਥਾਂ ਤੇ ਇੱਕਠੀ ਹੋਣੀ ਚਾਹੀਦੀ ਹੈ ਤਾਂ ਕਿ ਸੋਲਰ ਪੰਪ ਨਾਲ ਇਸ ਜਮੀਨ ਦੀ ਸਿੰਚਾਈ ਕੀਤੀ ਜਾ ਸਕੇ। ਕਿਸਾਨ ਵਲੋਂ ਜ਼ਮੀਨ ਦੀ ਮਾਲਕੀ ਦੇ ਸਬੂਤ ਵਜੋਂ ਖੇਵਟ, ਖਤੌਨੀ ਅਤੇ ਖਸਰਾ ਨੰਬਰ ਦਰਸਾਉਂਦਾ ਪਟਵਾਰੀ ਦਾ ਸਰਟੀਫਿਕੇਟ ਜੋ ਕਿ ਇਸ ਸਕੀਮ ਦੇ ਸ਼ੁਰੂ ਹੋਣ ਦੀ ਮਿਤੀ ਜਾਂ ਉਸ ਤੋਂ ਬਾਅਦ ਦਾ ਜਾਰੀ ਕੀਤਾ ਹੋਵੇ, ਬਿਨੈਪੱਤਰ ਨਾਲ **Annexure-I** ਅਨੁਸਾਰ ਆਨਲਾਈਨ ਜਮ੍ਹਾ ਕਰਵਾਉਣਾ ਹੋਵੇਗਾ **ਜਾਂ** ਜਮੀਨ ਦੀ ਮਾਲਕੀ ਦੀ ਮਾਲਕੀ ਦਾ ਹਲਫੀਆ ਬਿਆਨ / ਖੁਦ ਤਸਦੀਕ ਕੀਤਾ ਹੋਇਆ ਸਰਟੀਫਿਕੇਟ **Annexure-I (a)** ਅਨੁਸਾਰ ਜਮ੍ਹਾ ਕਰਵਾਉਣਾ ਹੋਵੇਗਾ।

vi. ਉਹਨਾਂ ਕਿਸਾਨਾਂ ਨੂੰ ਸੋਲਰ ਪੰਪ ਅਲਾਟ ਨਹੀਂ ਕੀਤੇ ਜਾਣਗੇ ਜਿਨ੍ਹਾਂ ਦੇ ਆਪਣੇ ਨਾਮ ਜਾਂ ਕਿਸੇ ਪਰਿਵਾਰਿਕ ਮੈਂਬਰ ਦੇ ਨਾਮ ਤੇ ਖੇਤੀ ਦੀ ਸਿੰਚਾਈ ਲਈ ਪੀ.ਐਸ.ਪੀ.ਸੀ.ਐਲ ਤੋਂ ਬਿਜਲੀ ਵਾਲੀ ਮੋਟਰ ਦਾ ਕੁਨੈਕਸ਼ਨ ਲਿਆ ਹੋਇਆ ਹੈ। ਅਪਲਾਈ ਕਰਨ ਵਾਲੇ ਕਿਸਾਨਾਂ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵਲੋਂ ਖੇਤੀ ਦੀ ਸਿੰਚਾਈ ਲਈ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਮ ਤੇ ਬਿਜਲੀ ਦਾ ਕੁਨੈਕਸ਼ਨ ਨਾ ਦਿੱਤੇ ਹੋਣ ਦਾ ਸਰਟੀਫਿਕੇਟ ਵੀ ਬਿਨੈਪੱਤਰ ਨਾਲ **Annexure-II** ਅਨੁਸਾਰ ਜਮ੍ਹਾਂ ਕਰਵਾਉਣਾ ਹੋਵੇਗਾ **ਜਾਂ** ਕਿਸਾਨਾਂ ਨੇ ਬਿਜਲੀ ਦਾ ਕੁਨੈਕਸ਼ਨ ਨਾ ਹੋਣ ਦਾ ਹਲਫੀਆ ਬਿਆਨ / ਖੁਦ ਤਸਦੀਕ ਕੀਤਾ ਹੋਇਆ ਸਰਟੀਫਿਕੇਟ **Annexure-II (a)** ਅਨੁਸਾਰ ਜਮ੍ਹਾ ਕਰਵਾਉਣਾ ਹੋਵੇਗਾ । ਅਗਰ ਅਜਿਹੇ ਕਿਸਾਨ ਸੋਲਰ ਪੰਪ ਲਈ ਅਪਲਾਈ ਕਰ ਦਿੰਦੇ ਹਨ ਅਤੇ ਇਸ ਦਾ ਪਤਾ ਪੇਡਾ ਨੂੰ ਲਗ ਜਾਂਦਾ ਹੈ ਤਾਂ ਕਿਸਾਨ ਦੀ ਰਕਮ 10% ਕੱਟ ਕੇ ਵਾਸਿ ਕੀਤੀ ਜਾਵੇਗੀ ਅਤੇ ਬਿਨੈ ਪੱਤਰ ਰੱਦ ਕਰ ਦਿੱਤਾ ਜਾਵੇਗਾ। ਅਗਰ ਕਿਸੇ ਕਿਸਾਨ ਸੋਲਰ ਪੰਪ ਲਗ ਜਾਂਦਾ ਹੈ ਤਾਂ ਕਿਸਾਨ ਨੂੰ ਪੇਡਾ ਵਿੱਚ ਪੂਰੀ ਕੀਮਤ ਜਮ੍ਹਾਂ ਕਰਵਾਉਣੀ ਪਵੇਗੀ।

https://d.docs.live.net/e32fc/19985011192/Desktop/Brochure KUSUM Punjabi 23.docx

vii. ਜੋ ਕਿਸਾਨ ਲਘੂ / ਮਾਈਕਰੋ ਸਿੰਚਾਈ ਅਧੀਨ ਅਪਲਾਈ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਆਪਣੀਆਂ ਅਰਜੀਆਂ ਖੇਤੀਬਾੜੀ / ਬਾਗਬਾਨੀ / Soil and Water Conservation ਵਿਭਾਗਾਂ ਦੇ ਸਬੰਧਤ ਅਧਿਕਾਰੀਆਂ ਵਲੋਂ ਜਾਰੀ ਕੀਤਾ ਗਿਆ ਸਰਟੀਫਿਕੇਟ ਜਮ੍ਹਾ ਕਰਵਾਉਣਾ ਹੋਵੇਗਾ ਜਿਸ ਵਿੱਚ ਲਿਖਿਆ ਹੋਵੇ ਕਿ ਕਿਸਾਨ ਦੀ ਜਮੀਨ ਵਿਚ ਡੀਜਲ ਪੰਪ ਨਾਲ ਚੱਲਣ ਵਾਲਾ ਡਰਿੱਪ ਇਰੀਗੇਸ਼ਨ ਜਾਂ ਫੁਹਾਰਾ ਸਿਸਟਮ ਲੱਗਿਆ ਹੋਇਆ ਹੈ **(Annexure-III)** ਤਸਦੀਕਸ਼ੁਦਾ ਹਲਫੀਆ ਬਿਆਨ ਲਗਾਉਣਾ ਹੋਵੇਗਾ।

viii. 37 ਬਲਾਕਾਂ ਦੇ ਚਾਹਵਾਨ ਕਿਸਾਨ ਮਾਈਕਰੋ (ਡਰਿੱਪ/ਫੁਹਾਰਾ) ਸਿੰਚਾਈ ਸਿਸਟਮ ਨਵੇਂ ਅਤੇ ਪੁਰਾਣੇ ਬੋਰਾਂ ਤੇ ਲਗਾ ਸਕਦੇ ਹਨ ਜਦੋਂ ਕਿ ਡਾਰਕਜ਼ੋਨ ਵਾਲੇ ਕਿਸਾਨ ਨਵੇਂ ਬੋਰ ਨਹੀਂ ਕਰ ਸਕਦੇ ਅਤੇ ਉਹ ਡੀਜ਼ਲ ਇੰਜਣ ਨਾਲ ਚੱਲਣ ਵਾਲੇ ਪੁਰਾਣੇ ਬੋਰਾਂ ਤੇ ਹੀ ਲਘੂ (ਡਰਿੱਪ/ਫੁਹਾਰਾ) ਸਿੰਚਾਈ ਸਿਸਟਮ ਲਗਾ ਸਕਦੇ ਹਨ ਅਤੇ ਮਾਈਕਰੋ ਸਿਸਟਮ ਦੀ ਫੋਟੋ ਅਤੇ ਸਬੰਧਤ ਵਿਭਾਗਾਂ ਜਾਂ ਸਿਸਟਮ ਲਗਾਉਣ ਵਾਲੀ ਕੰਪਨੀ ਦਾ ਸਰਟੀਫਿਕੇਟ ਪੋਡਾ ਨੂੰ ਜਮ੍ਹਾਂ ਕਰਵਾਉਣਾ ਹੋਵੇਗਾ ਇਸ ਕੇਸ ਵਿੱਚ ਕਿਸਾਨਾਂ ਨੂੰ ਅਪਲਾਈ ਕਰਨ ਵੇਲੇ ਹਲਫੀਆ ਬਿਆਨ/ਸਵੈ-ਘੋਸ਼ਣਾ ਪੱਤਰ ਦੀ ਕਾਪੀ ਵੈਬਸਾਈਟ ਉੱਤੇ Annexure-III (a) ਅਨੁਸਾਰ ਜਮ੍ਹਾਂ ਕਰਨੀ ਹੋਵੇਗੀ। ਅਗਰ ਦਿੱਤੇ ਹੋਏ ਸਮੇਂ ਵਿੱਚ ਸਿਸਟਮ ਲਗਾ ਕੇ ਫੋਟੋ ਅਤੇ ਸਰਟੀਫਿਕੇਟ ਜਮ੍ਹਾਂ ਨਹੀਂ ਕੀਤੇ ਜਾਂਦੇ ਤਾਂ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇਗਾ।

c. ਹਰੇਕ ਕਿਸਾਨ ਨੂੰ ਆਪਣੇ ਅਧਾਰ ਕਾਰਡ ਦੀ ਅਖੀਰਲੇ ਚਾਰ ਅੱਖਰ ਬਿਨੈ-ਪੱਤਰ ਵਿੱਚ ਦਰਜ ਕਰਨੇ ਹੋਣਗੇ।

d. ਅਨੁਸੂਚਿਤ ਜਾਤੀ ਦੇ ਕਿਸਾਨਾਂ ਨੂੰ ਆਪਣੀ ਜਾਤੀ ਦੇ ਸਰਟੀਫਿਕੇਟ ਦੀ ਕਾਪੀ ਵੀ ਬਿਨੈ-ਪੱਤਰ ਨਾਲ ਜਮ੍ਹਾਂ ਕਰਵਾਉਣੀ ਹੋਵੇਗੀ। ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਅਲੀ (ਫੇਕ) ਹੋਣ ਦੀ ਸੂਰਤ ਵਿੱਚ ਕਿਸਾਨ ਨੂੰ ਸੋਲਰ ਪੰਪ ਦੀ ਜਨਰਲ ਕੋਟੇ ਵਾਲੀ ਪੇਮੈਂਟ ਜਮ੍ਹਾ ਕਰਵਾਉਣੀ ਪਵੇਗੀ।

e. ਕਿਸਾਨਾਂ ਵਲੋਂ ਆਪਣੀਆਂ ਅਰਜੀਆਂ ਆਨਲਾਈਨ ਵਿਧੀ ਰਾਹੀਂ ਉਨ੍ਹਾਂ ਤੇ ਲਾਗੂ ਹੁੰਦੇ ਬਿਨੈ-ਪੱਤਰ ਫਾਰਮ ਵਿੱਚ ਭਰ ਕੇ ਮਿਤੀ ਨੂੰ ਸ਼ਾਮ 4 ਵਜੇ ਤੱਕ www.pmkusum.peda.gov.in ਤੇ ਜਮ੍ਹਾਂ ਕਰਨੀਆਂ ਹੋਣਗੀਆਂ। ਕਿਸਾਨ www.pmkusum.peda.gov.in ਤੇ ਜਾਵੇਗਾ ਅਤੇ "Farmer Registration tab" ਤੇ ਕਲਿੱਕ ਕਰੇਗਾ ਅਤੇ ਕੰਪੋਨੈਂਟ-ਬੀ select ਕਰੇਗਾ, ਉੱਥੇ ਦੋ ਤਹਾਂ ਦੇ ਬਿਨੈ-ਪੱਤਰ ਫਾਰਮ ਉਪਲੱਬਧ ਹੋਣਗੇ ਜਿਵੇਂ ਕਿ (i) 37 ਬਲਾਕਾਂ ਲਈ ਬਿਨੈ-ਪੱਤਰ ਫਾਰਮ ਅਤੇ (ii) ਦੂਜੇ ਅਸੁਧਿਅਤ ਬਲਾਕਾਂ (ਡਾਰਕ ਜ਼ੋਨਾਂ) ਲਈ ਬਿਨੈ-ਪੱਤਰ ਫਾਰਮ। ਸਭ ਤੋਂ ਪਹਿਲਾਂ ਕਿਸਾਨ ਨੂੰ ਆਪਣੇ ਤੇ ਲਾਗੂ ਹੁੰਦਾ ਬਿਨੈ-ਪੱਤਰ ਫਾਰਮ ਚੁਣਨਾ ਹੋਵੇਗਾ ਉਪਰੰਤ ਇਸਦੇ ਸਾਹੇ ਕਾਲਮ ਭਰ ਕੇ ਅਤੇ ਲੋੜੀਂਦੇ ਦਸਤਾਵੇਜ਼ ਸਬੂਤ ਵਜੋਂ ਵੈਬਸਾਈਟ ਤੇ ਅਪਲੋਡ ਕਰਨੇ ਹੋਣਗੇ। ਕਿਸਾਨ ਵੱਲੋਂ ਆਪਣੀ ਜਮੀਨ ਵਾਲਾ ਜਿਲ੍ਹਾ, ਤਹਿਸੀਲ, ਬਲਾਕ ਅਤੇ ਪਿੰਡ ਵੈਬ ਸਾਈਟ ਵਿੱਚੋਂ ਚੁਣ ਕੇ ਭਰਨਾ ਹੋਵੇਗਾ। ਸਾਰਾ ਫਾਰਮ ਭਰਨ ਤੋਂ ਬਾਅਦ ਕਿਸਾਨ ਨੂੰ Save ਬਟਨ ਦੇ ਕਲਿੱਕ ਕਰਨਾ ਹੋਵੇਗਾ ਅਤੇ ਫਾਰਮ Save ਹੋਣ ਉਪਰੰਤ ਉਸ ਦੇ ਰਜਿਸਟਰਡ ਮੋਬਾਈਲ ਨੰਬਰ ਤੇ Acknowledgement No. ਆਵੇਗਾ। ਇਸ ਤੋਂ ਬਾਅਦ ਕਿਸਾਨ ਨੂੰ Make Payment ਬਟਨ ਤੇ ਕਲਿੱਕ ਕਰਕੇ ਉੱਥੇ Acknowledgement No. ਜਾਂ Registered mobile no. ਲਿਖਣਾ ਹੋਵੇਗਾ ਅਤੇ Get OTP ਬਟਨ ਤੇ ਕਲਿੱਕ ਕਰਕੇ ਮੋਬਾਈਲ ਫੋਨ ਤੇ ਆਏ OTP ਭਰਨ ਤੋਂ ਬਾਅਦ ਅਗਰ ਕਿਸਾਨ ਨੂੰ ਲੱਗਦਾ ਹੈ ਕਿ ਉਸ ਤੋਂ ਫਾਰਮ ਵਿੱਚ ਕੋਈ ਜਾਣਕਾਰੀ ਗਲਤ ਭਰੀ ਗਈ ਹੈ ਤਾਂ ਉਹ Review ਬਟਨ ਤੇ ਕਲਿੱਕ ਕਰਕੇ ਫਾਰਮ ਨੂੰ ਸੋਧ ਕਰਦਾ ਹੈ ਨਹੀਂ ਤਾਂ Payment button ਤੇ ਕਲਿੱਕ ਕਰਕੇ ਆਪਣੇ ਹਿੱਸੇ ਦੀ ਫੀਸ ਜਮ੍ਹਾਂ ਕਰ ਸਕਾ ਹੈ। ਪੈਸੇ ਜਮ੍ਹਾਂ ਕਰਨ ਤੋਂ ਬਾਅਦ ਕਿਸਾਨ ਨੂੰ ਐਪਲੀਕੇਸ਼ਨ ਨੰਬਰ ਅਲਾਟ ਹੋ ਜਾਵੇਗਾ ਜੋ

https://d.docs.live.net/e32fc7199850119?/Desktop/Brochure KUSUM Punjabi 23.docx

ਕਿ ਬਿਨੈ-ਪੱਤ ਤੇ ਪ੍ਰਿੰਟ ਹੋ ਜਾਵੇਗਾ ਅਤੇ ਕਿਸਾਨ ਆਪਣਾ ਫਾਰਮ PDF format ਵਿੱਚ ਐਪਲੀਕੇਸ਼ਨ ਨੰਬਰ ਸਮੇਤ ਡਾਊਨਲੋਡ ਕਰਕੇ ਪ੍ਰਿੰਟ ਲੈ ਲਵੇ ਅਤੇ ਉਸ ਨੂੰ ਭਵਿਖ ਵਿੱਚ ਕਿਸੇ ਵੀ ਜਾਣਕਾਰੀ ਲਈ ਸੰਭਾਲ ਕੇ ਰੱਖ ਲਿਆ ਜਾਵੇ। ਕਿਸਾਨ ਨੂੰ ਉਸਦੇ ਰਜਿਸਟਰਡ ਮੋਬਾਇਲ ਨੰਬਰ ਤੇ ਵੀ ਐਪਲੀਕੇਸ਼ਨ ਨੰਬਰ SMS ਰਾਹੀਂ ਪ੍ਰਾਪਤ ਹੋਵੇਗਾ। ਸਕੀਮ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ ਤੇ ਹੈ।

f. ਆਮ ਸ਼੍ਰੇਣੀ ਦੇ ਕਿਸਾਨਾਂ ਵਲੋਂ ਸੋਲਰ ਪੰਪ ਦੀ ਕੀਮਤ ਦਾ 40% ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਵਲੋਂ 20% ਰਕਮ ਵੈਬਸਾਈਟ ਤੇ ਆਨਲਾਈਨ (Net Banking, Debit Card and Credit card) ਵਿੱਧੀ ਰਾਂਹੀ ਜਮ੍ਹਾਂ ਕਰਨੀ ਹੋਵੇਗੀ। **ਅਗਰ ਆਮ ਜਾਂ ਪਛੜੀ ਸ਼੍ਰੇਣੀ ਦਾ ਕਿਸਾਨ ਤਅਨੁਸੂਚਿਤ ਜਾਤੀ ਕੈਟਾਗਰੀ ਵਿੱਚ ਅਪਲਾਈ ਕਰਦਾ ਹੈ ਤਾਂ ਉਸ ਵੱਲੋਂ ਜਮਾਂ ਕਰਵਾਈ ਗਈ ਰਕਮ ਜਬਤ ਕਰ ਲਈ ਜਾਵੇਗੀ।** 7.5 ਐਚ.ਪੀ ਦੇ ਪੰਪ ਲਈ ਜਿੰਨੀ ਸਬਸਿਡੀ ਤੈਅ ਹੋਈ ਹੈ ਉੰਨੀ ਹੀ ਸਬਸਿਡੀ 10 ਐਚ.ਪੀ. ਦੇ ਪੰਪ ਲਈ ਦਿੱਤੀ ਜਾਵੇਗੀ ਜਿਸ ਕਰਕੇ ਇਸ ਪੰਪ ਵਾਸਤੇ ਆਮ ਸ਼੍ਰੇਣੀ ਦੇ ਕਿਸਾਨ ਦੇ ਹਿੱਸੇ ਦੀ ਰਕਮ 40% ਅਤੇ ਅਨੁਸੂਚਿਤ ਜਾਤੀ ਦੇ ਕਿਸਾਨ ਦੇ ਹਿੱਸੇ ਦੀ ਰਕਮ 20% ਤੋਂ ਵੱਧ ਹੋ ਗਈ ਹੈ। ਕਿਸਾਨਾਂ ਵੱਲੋਂ ਵੱਖ-ਵੱਖ ਸਮਰੱਥਾ ਦੇ ਸੋਲਰ ਪੰਪਾਂ ਲਈ ਜਮ੍ਹਾਂ ਕੀਤੀ ਜਾਣ ਵਾਲੀ ਰਕਮ ਦਾ ਵੇਰਵਾ ਪੰਜ਼ ਨੰ. 9 ਤੇ ਦਰਸਾਇਆ ਗਿਆ ਹੈ।

g. ਸੋਲਰ ਪੰਪਾਂ ਦੀ ਅਲਾਟਮੈਂਟ ਪਹਿਲਾਂ ਆਓ – ਪਹਿਲਾਂ ਪਾਓ ਦੇ ਅਧਾਰ ਤੇ ਕੀਤੀ ਜਾਵੇਗੀ ਪ੍ਰੰਤੂ (ਮਾਈਕਰੋ) ਇਰੀਗੇਸ਼ਨ ਵਾਲੇ ਕਿਸਾਨਾਂ ਨੂੰ ਪਹਿਲ ਦਿੱਤੀ ਜਾਵੇਗੀ।

i. ਸਕੀਮ ਬੰਦ ਹੋਣ ਉਪਰੰਤ ਮਾਈਕਰੋ ਇਰੀਗੇਸ਼ਨ ਵਾਲੇ (ਆਮ ਅਤੇ ਅਨੁਸੂਚਿਤ ਜਾਤੀ) ਕਿਸਾਨਾਂ ਦੀ ਅੱਲਗ Seniority ਲਿਸਟ ਬਣਾਈ ਜਾਵੇਗੀ ਜਿਸ ਨੂੰ ਦੂਜਿਆਂ ਦੇ ਮੁਕਾਬਲੇ ਅਲਾਟਮੈਂਟ ਲਈ ਪਹਿਲ ਦਿੱਤੀ ਜਾਵੇਗੀ।

ii. ਪਹਿਲਾਂ ਮਾਈਕਰੋ ਇਰੀਗੇਸ਼ਨ ਵਾਲੇ ਕਿਸਾਨਾ ਨੂੰ ਅਲਾਟਮੈਂਟ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਬਾਕੀ ਕਿਸਾਨਾਂ ਨੂੰ Seniority ਅਨੁਸਾਰ ਅਲਾਟਮੈਂਟ ਹੋਵੇਗੀ ।

iii. ਸਲੈਕਸ਼ਨ ਪ੍ਰੋਸੈਸ ਦੋਰਾਨ ਅਗਰ ਕੋਈ ਕਿਸਾਨ ਆਪਣੀ ਅਰਜੀ ਵਾਪਿਸ ਲੈਂਦਾ ਹੈ ਤਾਂ ਉਸ ਦੀ ਸੀਨੀਅਰਤਾ ਸਮਾਪਤ ਹੋ ਜਾਵੇਗੀ ਅਤੇ ਉਸ ਦਾ ਸੋਲਰ ਪੰਪ ਤੇ ਕੋਈ ਅਧਿਕਾਰ ਨਹੀਂ ਰਹੇਗਾ ਅਤੇ ਉਹ ਪੰਪ ਦੂਜੇ ਕਿਸਾਨ ਨੂੰ ਸੀਨੀਅਰਤਾ ਅਨੁਸਾਰ ਅਲਾਟ ਕਰ ਦਿੱਤਾ ਜਾਵੇਗਾ।

h. ਜਿਨ੍ਹਾਂ ਕਿਸਾਨਾਂ ਨੂੰ ਸੋਲਰ ਪੰਪ ਅਲਾਟ ਹੋ ਜਾਣਗੇ ਉਹ ਸਿੰਚਾਈ ਲਈ ਪੀ.ਐਸ.ਪੀ.ਸੀ.ਐਲ ਦੇ ਵੱਖਰੇ ਬਿਜਲੀ ਦੇ ਕੁਨੈਕਸ਼ਨ ਲਈ ਯੋਗ ਨਹੀ ਹੋਣਗੇ । ਪ੍ਰੰਤੂ ਜੇਕਰ ਪੀ.ਐਸ.ਪੀ.ਸੀ.ਐਲ ਚਾਹੇ ਤਾਂ ਇਨ੍ਹਾਂ ਸੋਲਰ ਪੰਪਾਂ ਨੂੰ ਗਰਿੱਡ ਕੁਨੈਕਟਡ ਸੋਲਰ ਪੰਪਾਂ ਵਿੱਚ ਤਬਦੀਲ ਕਰ ਸਕਦਾ ਹੈ, ਤਾਂ ਕਿ ਕਿਸਾਨ ਵਾਧੂ ਪਾਵਰ ਪੀ.ਐਸ.ਪੀ.ਸੀ.ਐਲ ਨੂੰ ਵੇਚ ਕੇ ਆਪਣੀ ਆਮਦਨ ਵਧਾ ਸਕਣ। ਸੋਲਰ ਪੰਪਾਂ ਦੀ ਵਾਧੂ ਬਿਜਲੀ ਗਰਿੱਡ ਨੂੰ ਦੇਣ ਵਾਸਤੇ ਕਿਸਾਨਾਂ ਨੂੰ ਸਿਸਟਮ ਵਿੱਚ ਲੋੜੀਂਦੀ ਤਬਦੀਲੀ ਕਰਨੀ ਹੋਵੇਗੀ। ਸੋਲਰ ਪੰਪਾਂ ਲਈ ਚੋਣ ਕੀਤੇ ਗਏ ਕਿਸਾਨਾਂ ਦੀ ਲਿਸਟ, ਪੀ.ਐਸ.ਪੀ.ਸੀ.ਐਲ ਨੂੰ ਜਾਣਕਾਰੀ ਲਈ ਭੇਜੀ ਜਾਵੇਗੀ।

i. ਜੋ ਕਿਸਾਨ, ਪੰਚਾਇਤਾਂ ਪੇਂਡੂ ਤਲਾਬਾਂ, ਫਾਰਮ ਤਲਾਬਾਂ, ਡਿੱਗੀਆਂ ਵਿੱਚੋਂ ਡੀਜਲ ਪੰਪਾਂ ਨਾਲ ਸਿੰਚਾਈ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਤਲਾਬ, ਨਹਿਰੀ ਜਾਂ ਦਰਿਆਈ ਪਾਣੀ ਨਾਲ ਭਰਨ ਵਾਲੀ ਡਿੱਗੀ ਦੀ ਫੋਟੋ ਜਾਂ ਖੇਤੀਬਾੜੀ, ਬਾਗਬਾਨੀ, Soil and Water Conservation ਵਿਭਾਗਾਂ ਦੇ ਸਬੰਧਤ ਅਧਿਕਾਰੀਆਂ ਵੱਲੋਂ ਜਾਰੀ ਕੀਤਾ ਗਿਆ ਸਰਟੀਫਿਕੇਟ (Annexure-III) ਅਨੁਸਾਰ ਜਾਂ ਹਲਫੀਆ ਬਿਆਨ/ ਖੁਦ ਤਸਦੀਕ ਕੀਤਾ ਹੋਇਆ

https://d.docs.live.net/e32fc/199850119/Desktop/Brochure KUSUM Punjabi 23.docx

ਸਰਟੀਫਿਕੇਟ (Annexure-III (a)) ਅਨੁਸਾਰ ਵੈਬਸਾਈਟ ਤੇ ਜਮ੍ਹਾਂ ਕਰਨਾ ਹੋਵੇਗਾ। ਡਾਰਕ ਜ਼ੋਨਾਂ ਵਾਲੇ ਕਿਸਾਨਾਂ ਨੂੰ ਪੂਰੀ ਪੜਤਾਲ ਕਰਨ ਉਪਰੰਤ ਹੀ ਆਪਣੀ ਜਮੀਨ ਵਾਲੇ ਪਿੰਡਾਂ ਦੇ ਨਾਮ ਬਿਨੈ-ਪੱਤਰ ਫਾਰਮ ਅਤੇ ਸਬੰਧਤ ਸਰਟੀਫਿਕੇਟਾਂ ਵਿੱਚ ਭਰਨੇ ਚਾਹੀਦੇ ਹਨ। ਅਗਰ ਕਿਸੇ ਡਾਰਕ ਜ਼ੋਨ ਵਾਲੇ ਕਿਸਾਨ ਨੇ ਆਪਣੀ ਜਮੀਨ 37 ਬਲਾਕਾਂ ਦੇ ਕਿਸੇ ਇਕ ਪਿੰਡ ਵਿੱਚ ਦਰਸਾ ਦਿੱਤੀ ਤਾਂ ਉਸ ਵੱਲੋਂ ਜਮਾਂ ਕਰਵਾਈ ਗਈ ਰਕਮ ਵਿੱਚੋਂ 10% ਰਕਮ ਕਟ ਲਈ ਜਾਵੇਗੀ ਅਤੇ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇਗਾ। ਅਗਰ ਕਿਸੇ ਕਾਰਣ ਸੋਲਰ ਪੰਪ ਲਗ ਜਾਂਦਾ ਹੈ ਤਾਂ ਕਿਸਾਨ ਨੂੰ ਮਾਇਕਰੋ ਸਿੰਚਾਈ ਸਿਸਟਮ ਲਗਵਾਉਣਾ ਹੋਵੇਗਾ ਜਾਂ ਉਸ ਨੂੰ ਸੋਲਰ ਪੰਪ ਦੀ ਪੂਰੀ ਕੀਮਤ ਪੇਡਾ ਨੂੰ ਵਾਪਿਸ ਕਰਨੀ ਹੋਵੇਗੀ ਅਤੇ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

j. ਕਿਸਾਨਾਂ ਨੂੰ ਸੋਲਰ ਪੰਪਾਂ ਦੀ ਅਲਾਟਮੈਂਟ, ਭਾਰਤ ਸਰਕਾਰ ਅਤੇ ਰਾਜ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਸਬਸਿਡੀ ਦੀ ਉਪਲੱਬਧਤਾ ਅਤੇ ਕੰਪਨੀ ਵੱਲੋਂ ਸੋਲਰ ਪੰਪ ਲਗਾਉਣ ਲਈ ਸਹਿਮਤੀ ਦੇ ਅਧਾਰ ਤੇ ਹੀ ਕੀਤੀ ਜਾਵੇਗੀ। ਲੋੜੀਂਦੇ ਫੰਡ ਉਪਲੱਬਧ ਨਾ ਹੋਣ/ ਕੰਪਨੀ ਵੱਲੋਂ ਸੋਲਰ ਪੰਪ ਲਗਾਉਣ ਲਈ ਸਹਿਮਤੀ ਨਾ ਦੇਣ/ਸਰਕਾਰ ਵੱਲੋਂ ਸਕੀਮ ਨੂੰ ਵਾਪਿਸ ਲੈਣ ਕਾਰਨ ਜਾਂ ਅਰਜੀ ਰੱਦ ਹੋਣ ਕਾਰਨ ਜਾਂ ਕਿਸੇ ਹੋਰ ਕਾਰਣ ਕਰਕੇ ਜੇਕਰ ਬਿਨੈਕਾਰ ਨੂੰ ਸੋਲਰ ਪੰਪ ਦੀ ਅਲਾਟਮੈਂਟ ਨਹੀਂ ਹੁੰਦੀ ਤਾਂ ਬਿਨੈਕਾਰ ਸੋਲਰ ਪੰਪ ਦੀ ਅਲਾਟਮੈਂਟ ਲਈ ਦਾਅਵਾ ਨਹੀਂ ਕਰ ਸਕੇਗਾ। ਅਜਿਹੀ ਸਥਿਤੀ ਵਿੱਚ ਕਿਸਾਨ ਵੱਲੋਂ ਜਮਾਂ ਕਰਵਾਈ ਗਈ ਰਕਮ ਵਾਪਿਸ ਕਰ ਦਿੱਤੀ ਜਾਵੇਗੀ। ਆਮ ਹਲਾਤਾਂ ਵਿੱਚ ਸੋਲਰ ਪੰਪ ਅਲਾਟਮੈਂਟ ਦੀ ਤਰੀਕ ਤੋਂ 9 ਮਹੀਨੇ ਵਿੱਚ ਲਗਾਏ ਜਾਣਗੇ। ਅਗਰ ਕਿਸੇ ਕਾਰਨ ਸੋਲਰ ਪੰਪ ਦਿੱਤੇ ਸਮੇਂ ਵਿੱਚ ਨਹੀਂ ਲੱਗਦੇ ਤਾਂ ਕਿਸਾਨ ਇਹਨਾਂ ਨੂੰ ਜਲਦੀ ਲਗਾਉਣ ਲਈ ਪੇਡਾ ਨੂੰ ਮਜਬੂਰ ਨਹੀਂ ਕਰਨਗੇ। ਸੋਲਰ ਪੰਪ ਲਗਾਵੁਣ ਦਾ ਕੰਮ ਵੱਖ-ਵੱਖ ਕੰਪਨੀਆਂ ਵੱਲੋਂ ਕੀਤਾ ਜਾਵੇਗਾ ਅਤੇ ਉਹਨਾ ਨੂੰ ਸੋਲਰ ਪੰਪ ਸੀਨੀਅਰਤਾ ਅਨੁਸਾਰ ਅਲਾਟ ਨਹੀਂ ਹੋਣਗੇ। ਇਸ ਲਈ ਕਿਸਾਨ ਸੋਲਰ ਪੰਪ ਸੀਨੀਅਰਤਾ ਅਨੁਸਾਰ ਲਗਵਾਉਣ ਲਈ ਵੀ ਨਹੀਂ ਕਹਿਣਗੇ।

k. ਪੇਡਾ ਦੇ ਜਿਲ੍ਹਾ ਮੈਨੇਜਰ / ਕੰਪਨੀ ਦੇ ਕਰਮਚਾਰੀ ਵਲੋਂ ਕਿਸਾਨਾਂ ਦੀ ਜਮੀਨ ਦਾ ਸਰਵੇ ਬਿਨੈ ਪੱਤਰ ਵਿੱਚ ਦਿੱਤੀ ਗਈ ਜਾਣਕਾਰੀ ਦੀ ਪੜਤਾਲ ਕਰਨ ਲਈ ਕੀਤਾ ਜਾਵੇਗਾ। ਅਗਰ ਕਿਸਾਨ ਵਲੋਂ ਦਿੱਤੀ ਗਈ ਕੋਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਬਿਨੈਪੱਤਰ ਰੱਦ ਕਰਕੇ ਸਕੀਮ ਵਿੱਚ ਦਿੱਤੀ ਲਾਗੂ ਹੁੰਦੀ ਸ਼ਰਤ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

l. ਕੰਪਨੀ ਦੇ ਸੁਝਾਅ ਅਨੁਸਾਰ ਕਿਸਾਨਾਂ ਵਲੋਂ ਲੋੜੀਂਦੇ ਸਾਈਜ ਦਾ ਮੁੰਕਮਲ ਬੋਰਵੈਲ ਅਤੇ ਪੱਧਰੀ ਜਮੀਨ ਕੰਪਨੀ ਨੂੰ ਸੋਲਰ ਪੰਪ ਲਗਾਉਣ ਲਈ ਦੇਣੀ ਹੋਵੇਗੀ ਅਤੇ ਜੇਕਰ ਕਿਸਾਨ ਪੇਡਾ ਦੇ ਜਿਲ੍ਹਾ ਮੈਨੇਜਰ ਜਾਂ ਕੰਪਨੀ ਦੇ ਕਰਮਚਾਰੀ ਵਲੋਂ ਸਾਈਟ ਦੇ ਸਰਵੇ ਤੋਂ 15 ਦਿਨਾਂ ਅੰਦਰ ਮੁਕੰਮਲ ਬੋਰ ਅਤੇ ਪੱਧਰੀ ਜਮੀਨ ਦੇਣ ਵਿਚ ਅਸਫਲ ਰਹਿੰਦਾ ਹੈ ਤਾਂ ਉਸ ਕਿਸਾਨ ਦਾ ਸੋਲਰ ਪੰਪ ਰੱਦ ਕਰ ਦਿੱਤਾ ਜਾਵੇਗਾ ਜਿਸ ਤੇ ਕਿਸਾਨ ਦਾ ਕੋਈ ਅਧਿਕਾਰ ਨਹੀਂ ਰਹੇਗਾ ਅਤੇ ਇਹ ਪੰਪ ਅਗਲੇ ਯੋਗ ਬਿਨੈਕਾਰ ਨੂੰ ਸੀਨੀਅਰਤਾ ਅਨੁਸਾਰ ਅਲਾਟ ਕਰ ਦਿੱਤਾ ਜਾਵੇਗਾ।

m. ਕਿਸਾਨ ਵਲੋਂ ਤਕਨੀਕੀ ਯੋਗਤਾ ਜਾਂ ਕੋਈ ਹੋਰ ਧਾਮੀ ਜਿਵੇਂ ਆਪਣੇ ਹਿਸੇ ਦੀ ਪੂਰੀ ਰਕਮ ਜਮਾਂ ਨਾ ਕਰਨ, ਜਾਂ ਘੱਟ ਰਕਮ ਜਮਾਂ ਕਰਵਾਉਣਾ, ਲੋੜੀਂਦੀ ਜਮੀਨ ਦਾ ਪੂਰਾ ਨਾ ਹੋਣਾ, ਸੋਲਰ ਪੰਪ ਲਗਾਉਣ ਲਈ ਬੋਰ ਅਤੇ ਪੱਧਰੀ ਜਮੀਨ ਦਾ ਨਾ ਹੋਣਾ, ਪਾਣੀ ਦੀ ਡੂੰਘਾਈ ਜਿਆਦਾ ਹੋਣਾ ਅਤੇ ਝਗੜੇ ਵਾਲੀ ਜਮੀਨ ਹੋਣ ਦੀ ਸੂਰਤ ਵਿੱਚ ਪੇਡਾ ਵਲੋਂ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇਗਾ।

https://d.docs.live.net/e32fc7199850119?/Desktop/Brochure KUSUM Punjabi 23.docx

n. ਜਿਨ੍ਹਾਂ ਕਿਸਾਨਾਂ ਨੂੰ ਸੋਲਰ ਪੰਪ ਅਲਾਟ ਨਹੀਂ ਹੁੰਦੇ ਉਨ੍ਹਾਂ ਵਲੋਂ ਜਮ੍ਹਾਂ ਕਰਵਾਈ ਗਈ ਰਕਮ, ਸਫਲ ਕਿਸਾਨਾਂ ਦੀ ਅਲਾਟਮੈਂਟ ਤੋਂ 2 ਮਹੀਨੇ ਬਾਅਦ ਕਿਸਾਨ ਵੱਲੋਂ ਕਿਸਾਨ ਵੱਲੋਂ ਰਿਫੰਡ ਅਰਜੀ ਦੇ ਪ੍ਰਾਪਤ ਹੋਣ ਉਪਰੰਤ ਵਾਪਿਸ ਕੀਤੀ ਜਾਵੇਗੀ ।

o. ਅਗਰ ਕਿਸੇ ਕਿਸਾਨ ਵਲੋਂ ਪੰਪ ਅਲਾਟ ਹੋਣ ਤੋਂ ਬਾਅਦ ਜਮ੍ਹਾਂ ਕਰਾਈ ਰਕਮ ਵਾਪਿਸ ਮੰਗੀ ਜਾਂਦੀ ਹੈ ਤਾਂ 10% ਰਕਮ ਕੱਟ ਕੇ ਬਾਕੀ ਰਕਮ ਵਾਪਿਸ ਕੀਤੀ ਜਾਵੇਗੀ। ਅਗਰ ਰਕਮ ਵਾਪਿਸ ਕਰਨ ਦੀ ਪ੍ਰਕਿਰਿਆ ਦੌਰਾਨ ਸੋਲਰ ਪੰਪ ਲੱਗ ਜਾਂਦਾ ਹੈ ਤਾਂ ਕਿਸਾਨ ਨੂੰ ਦੁਬਾਰਾ ਆਪਣੇ ਹਿੱਸੇ ਦੀ ਪੂਰੀ ਰਕਮ ਪੇਡਾ ਨੂੰ ਜਮਾਂ ਕਰਵਾਉਣੀ ਹੋਵੇਗੀ।

p. ਜੇਕਰ ਸੋਲਰ ਪੰਪ ਅਲਾਟ ਹੋਣ ਤੋਂ ਬਾਅਦ ਅਤੇ ਸਥਾਪਿਤ ਕਰਨ ਤੋਂ ਪਹਿਲਾਂ ਕਿਸਾਨ ਵਲੋਂ ਦਿਤੀ ਗਈ ਕੋਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਜਾਂ ਕਿਸਾਨ ਮਿੱਥੇ ਸਮੇਂ ਅਨੁਸਾਰ ਬੋਰ ਕਰਨ, ਪਧੱਰੀ ਜਗ੍ਹਾ ਦੇਣ ਅਤੇ ਮਾਈਕਰੋ ਸਿਸਟਮ ਲਗਾਉਣ ਵਿੱਚ ਅਸਫਲ ਰਹਿੰਦਾ ਹੈ ਜਿਸ ਕਰਕੇ ਸੋਲਰ ਪੰਪ ਲਗਾਇਆ ਨਹੀ ਜਾ ਸਕਿਆ ਤਾਂ ਪੇਡਾ ਵਲੋਂ ਅਰਜੀ ਰੱਦ ਕਰਕੇ ਕਿਸਾਨ ਵਲੋਂ ਜਮ੍ਹਾਂ ਕਰਵਾਈ ਗਈ ਰਕਮ ਵਿੱਚੋਂ 10% ਕੱਟ ਕੇ ਬਾਕੀ ਦੀ ਰਕਮ ਵਾਪਿਸ ਕੀਤੀ ਜਾਵੇਗਾ ।

q. ਜੇਕਰ ਸੋਲਰ ਪੰਪ ਲਗਾਉਣ ਤੋਂ ਬਾਅਦ ਕਿਸਾਨ ਵਲੋਂ ਦਿੱਤੀ ਗਈ ਕੋਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਕਿਸਾਨ ਸੋਲਰ ਪੰਪ ਦੀ ਪੂਰੀ ਰਕਮ ਸਰਕਾਰ / ਪੇਡਾ ਨੂੰ ਵਾਪਿਸ ਦੇਣ ਲਈ ਪਾਬੰਦ ਹੋਵੇਗਾ ਜਾਂ ਪੇਡਾ ਵਲੋਂ ਸੋਲਰ ਸਿਸਟਮ ਪੁੱਟ ਲਿਆ ਜਾਵੇਗਾ।

r. ਕਿਸਾਨ, ਪੇਡਾ ਦੀ ਮੰਨਜੂਰੀ ਤੋਂ ਬਿਨਾਂ ਨਾ ਹੀ ਸੋਲਰ ਪੰਪ ਦੀ ਜਗ੍ਹਾ ਤਬਦੀਲ ਕਰ ਸਕੇਗਾ, ਨਾ ਹੀ ਸੋਲਰ ਪੰਪ ਨੂੰ ਨਾ ਕਿਸੇ ਨੂੰ ਵੇਚ ਸਕੇਗਾ, ਨਾ ਕਿਸੇ ਦੇ ਨਾਮ ਤੇ ਤਬਦੀਲ ਕਰ ਸਕੇਗਾ ਅਤੇ ਨਾ ਹੀ ਕਿਸੇ ਹੋਰ ਥਾਂ ਤੇ ਸ਼ਿਫਟ ਕਰ ਸਕੇਗਾ ਅਤੇ ਨਾਂ ਹੀ ਕੰਟਰੋਲਰ ਨਾਲ ਕੋਈ ਛੇੜਖਾਨੀ ਕਰੇਗਾ। ਅਗਰ ਕਿਸਾਨ ਅਜਿਹਾ ਕਰਦਾ ਹੈ ਤਾਂ ਉਹ ਸੋਲਰ ਪੰਪ ਦੀ ਪੂਰੀ ਕੀਮਤ ਪੇਡਾ ਨੂੰ ਵਾਪਿਸ ਦੇਣ ਲਈ ਪਾਬੰਦ ਹੋਵੇਗਾ। ਇਹ ਸ਼ਰਤ ਜਮੀਨ ਸਹਿਤ ਸੋਲਰ ਪੰਪ ਵੇਚਣ ਵਾਲੇ ਕਿਸਾਨਾਂ ਤੇ ਲਾਗੂ ਨਹੀ ਹੋਵੇਗੀ।

s. ਨਿਯਮ b (iv), q ਅਤੇ r ਦੇ ਸਬੰਧ ਵਿੱਚ ਰਕਮ ਵਸੂਲੀ ਲਈ ਕਿਸਾਨ ਨੂੰ ਪੱਤਰ ਲਿਖਿਆ ਜਾਵੇਗਾ ਅਤੇ ਕਿਸਾਨ ਵਲੋਂ ਰਕਮ ਜਮ੍ਹਾਂ ਨਾ ਕਰਵਾਉਣ ਤੇ ਰਕਮ ਵਸੂਲ ਕਰਨ ਲਈ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

t. ਸੋਲਰ ਪੰਪਾਂ ਦੀ ਮੁਰੰਮਤ ਦਾ ਕੰਮ ਪਹਿਲੇ 5 ਸਾਲਾਂ ਲਈ ਕੰਪਨੀ ਕੋਲ ਹੋਵੇਗਾ ਲੇਕਿਨ ਇਨ੍ਹਾਂ ਨੂੰ ਚਲਾਉਣ, ਹੋਜਾਨਾ ਸਾਫ-ਸਫਾਈ ਕਰਨ ਅਤੇ ਰਖਵਾਲੀ ਕਰਨ ਦੀ ਜਿੰਮੇਵਾਰੀ ਕਿਸਾਨਾਂ ਦੀ ਹੋਵੇਗੀ। ਕੰਪਨੀ ਵਲੋਂ ਸੋਲਰ ਪੰਪਾਂ ਦਾ ਪਹਿਲੇ 5 ਸਾਲਾਂ ਲਈ ਬੀਮਾ ਕਰਵਾਇਆ ਜਾਵੇਗਾ। ਚੋਰੀ ਹੋਣ ਦੀ ਸੂਰਤ ਵਿੱਚ ਕਿਸਾਨ ਥਾਣੇ ਵਿੱਚ ਐਫ.ਆਈ.ਆਰ ਦਰਜ ਕਰਵਾਏਗਾ ਅਤੇ ਕਲੇਮ ਲੈਣ ਲਈ ਹੋਰ ਲੋੜੀਂਦੀਆ ਕਾਰਵਾਈਆਂ ਕਰਕੇ ਕਾਗਜਾਤ ਸਬੰਧਤ ਕੰਪਨੀ ਨੂੰ ਦੇਵੇਗਾ। ਸੋਲਰ ਪੰਪਾਂ ਨੂੰ ਹੋਣ ਵਾਲੇ ਕਿਸੇ ਵੀ ਤਰਾਂ ਦੇ ਨੁਕਸਾਨ ਲਈ ਪੇਡਾ ਜਿੰਮੇਵਾਰ ਨਹੀ ਹੋਵੇਗੀ। 5 ਸਾਲਾਂ ਤੋਂ ਬਾਅਦ ਸੋਲਰ ਪੰਪਾਂ ਦੀ ਮੁਰੰਮਤ ਅਤੇ ਬੀਮਾ ਆਦਿ ਦੀ ਜਿੰਮੇਵਾਰੀ ਸਬੰਧਤ ਕਿਸਾਨ ਦੀ ਹੋਵੇਗੀ।

u. ਕਿਸਾਨ ਵਲੋਂ ਸੋਲਰ ਪੰਪ ਵਿੱਚ ਕੀਤੀ ਗਈ ਕਿਸੇ ਤਬਦੀਲੀ, ਦੁਵਰਤੋਂ , ਖਰਾਬ ਪਾਣੀ/ ਬੋਰ ਦੇ ਬੈਠ ਜਾਣ/ ਪੰਪ ਵਿੱਚ ਮਿੱਟੀ ਭਰਨ ਕਰਕੇ ਸਿਸਟਮ ਖਰਾਬ ਹੋਣ/ ਨਾ ਚਲਣ ਤੇ ਪੇਡਾ ਅਤੇ ਕੰਪਨੀ ਦੀ ਕੋਈ ਜਿੰਮੇਵਾਰੀ (liability) ਨਹੀਂ ਹੋਵੇਗੀ।

https://d.docs.live.net/e32fc7199850119?/Desktop/Brochure KUSUM Punjabi 23.docx

v. ਸੋਲਰ ਪੰਪ ਖਰਾਬ ਹੋਣ ਦੀ ਸੂਰਤ ਵਿੱਚ ਕਿਸਾਨ ਵਲੋਂ ਕੰਪਨੀ ਨਾਲ ਫੋਨ/ਟੋਲ ਫਰੀ ਨੰਬਰ, ਈ ਮੇਲ ਜਾਂ ਡਾਕ ਰਾਹੀਂ ਸਿੱਧਾ ਸੰਪਰਕ ਕਰਨਾ ਹੋਵੇਗਾ ਜਿਸ ਦੀ ਇਕ ਕਾਪੀ ਸਬੰਧਤ ਜਿਲ੍ਹਾ ਪ੍ਰਬੰਧਕ, ਪੇਡਾ ਨੂੰ ਭੇਜਣੀ ਹੋਵੇਗੀ ।

w. ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਸਰਕਾਰ ਦੀ ਪਾਲਿਸੀ ਵਿੱਚ ਤਬਦੀਲੀ ਹੋਣ ਤੇ ਜਾਂ ਕਿਸੇ ਹੋਰ ਕਾਰਨ ਕਰਕੇ ਸਕੀਮ ਵਾਪਿਸ ਲੈਣ / ਸੋਧ ਕਰਨ / ਰੱਦ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਇਸ ਨਾਲ ਹੋਣ ਵਾਲੀ ਕਿਸੇ ਵੀ ਪ੍ਰਕਾਰ ਦੀ ਅਸੁਵਿਧਾ ਲਈ ਜਿੰਮੇਵਾਰੀ ਨਹੀਂ ਹੋਵੇਗੀ ।

ਪੀ.ਐਮ ਕੁਸਮ ਸਕੀਮ ਦੇ ਕੰਪੋਨੈਂਟ-ਬੀ ਅਧੀਨ ਪੰਜਾਬ ਦੇ 37 ਬਲਾਕਾਂ ਵਿੱਚ ਸੋਲਰ ਪੰਪ ਲਗਾਉਣ ਲਈ ਬਿਨੈ-ਪੱਤਰ ਫਾਰਮ (ਵਿੱਤੀ ਸਾਲ 2023-24)

Application No. (Auto generation)

ਆਧਾਰ ਨੰਬਰ (ਆਖਰੀ ਚਾਰ ਅੰਕ ਲਿਖੋ)	
ਵੋਟਰ ਆਈ.ਡੀ. ਨੰ.	
ਕੀ ਕਿਸਾਨ ਜਾਂ ਉਸਦੇ ਪਾਰਿਵਾਰਿਕ ਮੈਂਬਰਾਂ ਵਲੋਂ ਕਿਸੇ ਸਰਕਾਰੀ ਵਿਭਾਗ / ਪੇਡਾ / ਨਾਬਾਰਡ ਦੀ ਸਕੀਮ ਅਧੀਨ ਪਿਛਲੇ ਸਾਲਾਂ ਦੌਰਾਨ ਕੋਈ ਸੋਲਰ ਪੰਪ ਲਗਵਾਇਆ ਹੈ ? (ਨੋਟ :- ਜੇਕਰ ਤੇ ਹਾਰਸਪਾਵਰ ਜਾਂ ਉਸ ਤੋਂ ਵੱਧ ਦੀ ਸਮਰੱਥਾ ਦਾ ਸੋਲਰ ਪੰਪ ਲਗਵਾਇਆ ਹੈ ਤਾਂ ਇਸ ਸਕੀਮ ਅਧੀਨ ਉਸ ਨੂੰ ਸੋਲਰ ਪੰਪ ਅਲਾਟ ਨਹੀ ਕੀਤਾ ਜਾਵੇਗਾ)	i. ਹਾਂ / ਨਹੀਂ ii. ਜੇਕਰ ਹਾਂ ਤਾਂ ਸਮਰਥਾ.....HP, ਪਿੰਡ.....ਬਲਾਕ..... ਤਹਿਸੀਲ.....ਜਿਲ੍ਹਾ..... iii. ਲਗਾਉਣ ਦਾ ਸਾਲ ..... ਵਿਭਾਗ ਦਾ ਨਾਮ .....
ਕੀ ਕਿਸਾਨ ਜਾਂ ਉਸ ਦੇ ਕਿਸੇ ਪਰਿਵਾਰਿਕ ਮੈਂਬਰ ਦੇ ਨਾਮ ਤੇ ਪੀ.ਐਸ.ਪੀ.ਸੀ.ਐਲ ਵਲੋਂ ਸਿੰਚਾਈ ਲਈ ਬਿਜਲੀ ਦਾ ਕੁਨੈਕਸ਼ਨ (ਮੋਟਰ) ਦਿੱਤਾ ਗਿਆ ਹੈ? ਜੇਕਰ ਨਹੀਂ ਤਾਂ **Annexure-II** ਅਨੁਸਾਰ ਪੀ.ਐਸ.ਪੀ.ਸੀ.ਐਲ ਦਾ ਸਰਟੀਫਿਕੇਟ **ਜਾਂ Annexure-II(a)** ਅਨੁਸਾਰ ਹਲਫੀਆ ਬਿਆਨ	ਹਾਂ / ਨਹੀ
ਬਲਾਕ	ਸੁਰੱਖਿਅਤ / ਅਸੁਰੱਖਿਅਤ
ਸਿੰਚਾਈ ਦੀ ਵਿਧੀ :- ਜੇਕਰ ਡੀਜਲ ਪੰਪ ਨਾਲ ਚਲਣ ਵਾਲਾ ਲਘੂ / ਮਾਈਕਰੋ (ਡਰਿਪ / ਫੁਹਾਰਾ) ਸਿਸਟਮ ਹੈ ਤਾਂ ਖੇਤੀਬਾੜੀ ਵਿਭਾਗ / ਬਾਗਬਾਨੀ ਵਿਭਾਗ / Soil and water conservation ਵਿਭਾਗ ਵਲੋਂ **Annexure-III** ਅਨੁਸਾਰ ਜਾਰੀ ਕੀਤਾ ਸਰਟੀਫਿਕੇਟ ਜਮਾਂ (upload) ਕੀਤਾ ਜਾਵੇ ਜਾਂ **Annexure-III(a)** ਅਨੁਸਾਰ ਹਲਫੀਆ ਬਿਆਨ	i. Diesel pump operated Micro (Drip/sprinkler) irrigation system Open Irrigation. ii. ਜੇਕਰ ਕਿਸਾਨ ਨਵੀਂ ਮਾਈਕਰੋ (ਡਰਿੱਪ/ਸਪ੍ਰਿੰਕਲਰ) ਸਿੰਚਾਈ ਪ੍ਰਣਾਲੀ ਲਈ ਅਰਜ਼ੀ ਦੇਣਾ ਚਾਹੁੰਦੇ ਹਨ ਤਾਂ ਮਝਮਿਡੀ ਪ੍ਰੋਗਰਾਮ *Drop More Crop-Rashtriya Krishi Vikas Yojana*, ਤਹਿਤ tupkasinchayee.punjab.gov.in 'ਤੇ ਅਪਲਾਈ ਕਰ ਸਕਦੇ ਹਨ। iii ਨਵੀਂ ਮਾਈਕਰੋ (ਡਰਿੱਪ/ਸਪ੍ਰਿੰਕਲਰ) ਸਿੰਚਾਈ ਪ੍ਰਣਾਲੀ ਲਈ ਅਰਜ਼ੀ ਦੇਣ ਤੋਂ ਬਾਅਦ, ਉਸ ਦੀ ਰਸੀਦ ਅਪਲੋਡ ਕੀਤੀ ਜਾਵੇ ਜੀ ।
ਸ਼੍ਰੇਣੀ (ਅਨੁਸੂਚਿਤ ਜਾਤੀ ਕਿਸਾਨ ਵਲੋਂ ਜਾਤੀ ਸਰਟੀਫਿਕੇਟ ਦੀ ਕਾਪੀ ਅਪਲੋਡ ਕੀਤੀ ਜਾਵੇ)	(ਆਮ ਸ਼੍ਰੇਣੀ / ਓ.ਬੀ.ਸੀ / ਅਨੁਸੂਚਿਤ ਜਾਤੀ)

ਬਿਨੈਕਾਰ / ਬਿਨੈਕਾਰਾਂ ਦਾ ਵੇਰਵਾ

1	ਬਿਨੈਕਾਰ / ਬਿਨੈਕਾਰਾਂ ਦੇ ਨਾਮ	
2	ਪਿਤਾ / ਪਤੀ ਦਾ ਨਾਮ	

ਘਰ ਦਾ ਪਤਾ

3	ਪਿੰਡ :	ਡਾਕਖਾਨਾ:	ਪਿੰਨ:
4	ਬਲਾਕ	ਤਹਿਸੀਲ	
5	ਵਿਧਾਨ ਸਭਾ ਹਲਕਾ	ਜ਼ਿਲ੍ਹਾ	ਹਾਜ
6	ਲਿੰਗ	ਮਰਦ / ਔਰਤ / ਹੋਰ	
7	ਫੋਨ ਨੰ.		
8	ਈ-ਮੇਲ		

ਖੇਤੀਬਾੜੀ / ਫਾਰਮ ਵਾਲੀ ਜਮੀਨ ਦਾ ਪਤਾ

9	ਪਿੰਡ :	ਡਾਕਖਾਨਾ:	ਪਿੰਨ:
10	ਬਲਾਕ	ਤਹਿਸੀਲ	
11	ਵਿਧਾਨ ਸਭਾ ਹਲਕਾ	ਜ਼ਿਲ੍ਹਾ	ਪੰਜਾਬ
12	ਕਿਸਾਨ ਦੀ ਕਿਸਮ	ਕਿਸਾਨ / ਕਿਸਾਨਾਂ ਦਾ ਸਮੂਹ / ਪੰਚਾਇਤ / ਸਰਕਾਰੀ ਅਦਾਰਾ / ਕਿਸਾਨ ਉਤਪਾਦਕ ਸੰਸਥਾ / ਪਾਣੀ ਵਰਤੋਂਕਾਰ ਸਮੂਹ	
13	ਸਥਾਪਿਤ ਕੀਤੇ ਜਾਣ ਵਾਲੇ ਸੋਲਰ ਪੰਪ ਦੀ ਸਮੱਰਥਾ	3 , 5, 7.5 & 10 HP (AC)	
14	ਪੰਪ ਦੀ ਕਿਸਮ a) ਜੇਕਰ ਕਿਸਾਨ ਮੋਨੋਬਲਾਕ ਪੰਪ ਦੀ ਚੋਣ ਕਰਦਾ ਹੈ ਤਾਂ ਸਾਰੇ ਪੰਪਾਂ ਲਈ ਪਾਣੀ ਦੀ ਡੂੰਘਾਈ 23 ਫੁੱਟ ਤੋਂ ਜਿਆਦਾ ਨਹੀਂ ਹੋਣੀ ਚਾਹੀਦੀ । b) ਜੇਕਰ ਕਿਸਾਨ ਸਬਮਰਸੀਬਲ ਪੰਪ ਦੀ ਚੋਣ ਕਰਦਾ ਹੈ ਤਾਂ :- i. 3 ਅਤੇ 5 ਹਾਰਸਪਾਵਰ ਦੇ ਪੰਪਾਂ ਲਈ ਪਾਣੀ ਦੀ ਡੂੰਘਾਈ 164 ਫੁੱਟ ਤੋਂ ਜਿਆਦਾ ਨਹੀਂ ਹੋਣੀ ਚਾਹੀਦੀ। ii. 7.5 ਅਤੇ 10 ਹਾਰਸਪਾਵਰ ਦੇ ਪੰਪਾਂ ਲਈ ਪਾਣੀ ਦੀ ਡੂੰਘਾਈ 230 ਫੁੱਟ ਤੋਂ ਜਿਆਦਾ ਨਹੀਂ ਹੋਣੀ ਚਾਹੀਦੀ।	ਮੋਨੋਬਲਾਕ / ਸਬਮਰਸੀਬਲ	
15	ਪਟਵਾਰੀ ਦੀ ਰਿਪੋਰਟ ਮੁਤਾਬਿਕ ਬਿਨੈਕਾਰ / ਬਿਨੈਕਾਰਾਂ ਦੇ ਨਾਮ ਤੇ ਪਿੰਡ ਵਿੱਚ ਦਰਜ ਜਮੀਨ ਦਾ ਵੇਰਵਾ **Annexure-I** ਅਨੁਸਾਰ **ਜਾਂ** ਹਲਫੀਆ ਬਿਆਨ **Annexure-I (a)** ਅਨੁਸਾਰ ਜਮ੍ਹਾਂ (upload) ਕੀਤਾ ਜਾਵੇ	ਖੇਵਟ ਨੰ..... ਖਤੌਨੀ ਨੰ..... ਖਸਰਾ ਨੰ.	
16	ਪਟਵਾਰੀ ਦੇ ਸਰਟੀਫਿਕੇਟ ਜਾਂ ਹਲਫੀਆ ਬਿਆਨ ਅਨੁਸਾਰ ਜਮੀਨ ਦਾ ਸਾਈਜ (ਖੇਤਰਫਲ)	.....ਏਕੜ.....ਕਨਾਲ.....ਮਰਲਾ = ... Sq. Mtr.	
17	ਪਾਣੀ ਦਾ ਸਰੋਤ (ਜੇਕਰ ਕਿਸਾਨ ਖੁੱਲੀ ਸਿੰਚਾਈ / ਪਾਈਪ ਦੁਆਰਾ ਸਿੰਚਾਈ ਕਰਦਾ ਹੈ ਤਾਂ ਤਲਾਬ / ਡਿੱਗੀ ਦੀ ਫੋਟੋ ਅਪਲੋਡ ਕਰਨੀ ਹੋਵੇਗੀ।)	1. ਜੇਕਰ ਕਿਸਾਨ ਸਿੰਚਾਈ ਲਈ ਲੱਘੂ / ਮਾਈਕਰੋ (ਡਰਿਪ / ਫੁਹਾਰਾ) ਸਿਸਟਮ ਦੀ ਚੋਣ ਕਰਦਾ ਹੈ ਤਾਂ option ਇਸ ਪ੍ਰਕਾਰ ਹੋਵੇਗੀ :- ਪਹਿਲਾਂ ਦਾ ਬੋਰਵੈਲ / ਖੂਹ / ਪੇਂਡੂ ਤਲਾਬ / ਫਾਰਮ ਤਲਾਬ / ਡਿੱਗੀ 2. ਜੇਕਰ ਕਿਸਾਨ ਖੁਲੀ ਸਿੰਚਾਈ / ਪਾਈਪਾਂ ਰਾਂਹੀ	

https://d.docs.live.net/e32fc71998501192/Desktop/Brochure KUSUM Punjabi 23.docx

		ਸਿੰਚਾਂਈ ਦੀ ਚੋਣ ਕਰਦਾ ਹੈ ਤਾਂ option ਇਸ ਪ੍ਰਕਾਰ ਹੋਵੇਗੀ :- ਪੇਂਡੂ ਤਲਾਬ / ਫਾਰਮ ਤਲਾਬ / ਨਹਿਰੀ ਪਾਣੀ ਦੀ ਡਿੱਗੀ
18	ਪਾਣੀ ਦੀ ਡੂੰਘਾਈ	..... ਫੁੱਟ ਜੇਕਰ ਪਾਣੀ ਦਾ ਪੱਧਰ ਲੜੀ ਨੰ. 15 ਤੇ ਦਿਤੇ ਅਨੁਸਾਰ ਤੋਂ ਵੱਧ ਹੈ ਤਾਂ ਕਿਸਾਨ ਸੋਲਰ ਪੰਪ ਲਈ ਯੋਗ ਨਹੀ ਹੋਵੇਗਾ।
19	ਪਾਣੀ ਦੀ ਨਿਕਾਸੀ ਦਾ ਮੌਜੂਦਾ ਪ੍ਰਬੰਧ	i. ਜੇਕਰ ਡੀਜਲ ਪੰਪ ਹੈ ਤਾਂ ਸਮਰੱਥਾ ..... HP ਅਤੇ ਡੀਜਲ ਦੀ ਸਲਾਨਾ ਖਪਤ = ...ਲੀਟਰ ii. ਜੇਕਰ ਕੋਈ ਹੋਰ ਪ੍ਰੰਬਧ ਹੋਵੇ .....
20	ਫਸਲਾਂ ਦੀ ਕਿਸਮ ਅਤੇ ਗਿਣਤੀ	i. ਪਿਛਲੇ ਸਾਲ :- (ਹਾੜੀ, ਸਾਉਣੀ, ਜੈਦ) (.....) ii. ਉਸ ਤੋਂ ਪਿੱਛਲੇ ਸਾਲ :- (ਹਾੜੀ, ਸਾਉਣੀ, ਜੈਦ) (.....)
21	ਅਪਲੋਡ ਕਰਨ ਵਾਲੇ ਦਸਤਾਵੇਜ	*1 ਅਨੁਸੂਚਿਤ ਜਾਤੀ ਸਰਟੀਫਿਕੇਟ (ਸਿਰਫ ਅਨੁਸੂਚਿਤ ਜਾਤੀ ਕਿਸਾਨਾਂ ਲਈ)* *2 ਪਿੰਡ ਵਿੱਚ ਇਕ ਥਾਂ ਤੇ ਲੌੜੀਂਦੀ ਜਮੀਨ ਲਈ ਪਟਵਾਰੀ ਦਾ ਸਰਟੀਫਿਕੇਟ ਜਾਂ ਹਲਫੀਆ ਬਿਆਨ* *3 ਖੇਤੀ ਦੀ ਸਿੰਚਾਈ ਲਈ ਬਿਜਲੀ ਦਾ ਕੁਨੈਕਸ਼ਨ ਨਾ ਹੋਣ ਸਬੰਧੀ ਪੀ.ਐਸ.ਪੀ.ਸੀ.ਐਲ ਦਾ ਸਰਟੀਫਿਕੇਟ ਜਾਂ ਹਲਫੀਆ ਬਿਆਨ* *4 ਲਘੂ / ਮਾਈਕਰੋ ਸਿੰਚਾਈ ਦਾ ਸਰਟੀਫਿਕੇਟ ਜਾਂ ਹਲਫੀਆ ਬਿਆਨ* ***5** ਜੇਕਰ RTGS / NEFT ਕਰਵਾਇਆ ਹੈ ਤਾਂ ਉਸਦੀ ਰਸੀਦ*
22	ਰਕਮ ਜਮ੍ਹਾਂ ਕਰਨ ਦੀ ਵਿਧੀ 1. Net Banking 2. Debit 3. Credit card 4. Bank	*1. Amount (Rs.)* *2. Reference Number* *3. Date (Auto generation)*

ਮੈਂ / ਅਸੀਂ ਤਸਦੀਕ ਕਰਦਾ / ਕਰਦੇ ਹਾਂ ਕਿ ਮੇਰੇ / ਸਾਡੇ ਕੋਲ ਉੱਕਤ ਪਿੰਡ ਵਿੱਚ ਇਕੋ ਥਾਂ ਤੇ ਖੇਤੀਬਾੜੀ ਵਾਲੀ ਝਗੜਾ ਰਹਿਤ ਲੋੜੀਂਦੀ ਜਮੀਨ ਹੈ। ਮੈਂ / ਅਸੀਂ ਇਸ ਸੋਲਰ ਪੰਪ ਦੀ ਵਰਤੋਂ ਖੇਤੀਬਾੜੀ ਦੀ ਸਿੰਚਾਈ ਲਈ ਕਰਾਂਗਾ / ਕਰਾਂਗੇ ਅਤੇ ਇਹ ਸੋਲਰ ਪੰਪ ਕਿਸੇ ਨੂੰ ਵੇਚਾਂਗਾ / ਵੇਚਾਂਗੇ ਨਹੀਂ ਅਤੇ ਨਾ ਹੀ ਕਿਸੇ ਦੇ ਨਾਮ ਤਬਦੀਲ ਕਰਾਂਗਾ / ਕਰਾਂਗੇ । ਮੈਂ / ਅਸੀਂ ਇਹ ਵੀ ਤਸਦੀਕ ਕਰਦਾ ਕਰਦੇ ਹਾਂ ਕਿ ਮੈਂ / ਅਸੀਂ ਜਾਂ ਮੇਰੇ ਕਿਸੇ ਪਰਿਵਾਰਿਕ ਮੈਂਬਰ ਵਲੋਂ ਪਿਛਲੇ ਸਾਲਾਂ ਦੌਰਾਨ 3 ਹਾਰਸਪਾਵਰ ਜਾਂ ਇਸ ਤੋਂ ਵੱਧ ਸਮਰਥਾ ਦਾ ਸੋਲਰ ਪੰਪ ਕਿਸੇ ਸਰਕਾਰੀ ਵਿਭਾਗ / ਪੇਡਾ / ਨਾਬਾਰਡ ਦੀ ਸਕੀਮ ਅਧੀਨ ਲਗਵਾਇਆ ਨਹੀ ਗਿਆ ਹੈ । ਪੀ.ਐਸ.ਪੀ.ਸੀ ਐਲ ਵਲੋਂ ਮੇਰੇ / ਸਾਡੇ ਜਾਂ ਕਿਸੇ ਪਰਿਵਾਰਿਕ ਮੈਂਬਰ ਦੇ ਨਾਮ ਤੇ ਸਿੰਚਾਈ ਲਈ ਬਿਜਲੀ ਦਾ ਕੁਨੈਕਸ਼ਨ ਨਹੀਂ ਦਿੱਤਾ ਗਿਆ ਹੈ।

ਮੈਂ / ਅਸੀਂ ਸਕੀਮ ਦਾ ਪੂਰਾ ਦਸਤਾਵੇਜ ਚੰਗੀ ਤਰ੍ਹਾਂ ਪੜ੍ਹ ਲਿਆ ਹੈ ਅਤੇ ਇਸ ਦੇ ਸਾਰੇ ਨਿਯਮ ਅਤੇ ਸ਼ਰਤਾਂ ਮੈਨੂੰ / ਸਾਨੂੰ ਮੰਨਜੂਰ ਹਨ । ਮੈਂ / ਅਸੀਂ ਆਪਣੇ ਖਰਚੇ ਤੇ ਲੋੜੀਂਦੇ ਸਾਈਜ ਦਾ ਬੋਰ ਅਤੇ ਸੋਲਰ ਪੰਪ ਸਥਾਪਿਤ ਕਰਨ ਲਈ ਪੱਧਰੀ ਜਮੀਨ ਪੇਡਾ / ਕੰਪਨੀ ਦੁਆਰਾ ਨਰੀਖਣ ਕਰਨ ਦੇ 10 ਦਿਨਾਂ ਵਿੱਚ ਦੇਵਾਂਗਾ/ ਦੇਵਾਂਗੇ । ਮੈਂ / ਅਸੀਂ ਤਸਦੀਕ ਕਰਦਾ / ਕਰਦੇ ਹਾਂ ਕਿ ਮੇਰੇ / ਸਾਡੇ ਵਲੋਂ ਇਸ ਬਿਨੈ ਪੱਤਰ ਵਿੱਚ ਦਿੱਤੀ ਗਈ ਜਾਣਕਾਰੀ ਸਹੀ ਵਾ ਦਰੁਸਤ ਹੈ ਅਤੇ ਕੋਈ ਵੀ ਜਾਣਕਾਰੀ ਛੁਪਾਈ ਨਹੀ ਗਈ ਹੈ। ਜੇਕਰ ਮੇਰੇ / ਸਾਡੇ ਵਲੋਂ ਦਿੱਤੀ ਗਈ ਕੋਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਮੈਂ / ਅਸੀਂ ਸਕੀਮ ਦਸਤਾਵੇਜ ਵਿੱਚ ਨਿਸ਼ਚਿਤ ਕੀਤਾ ਗਿਆ ਜੁਰਮਾਨਾ ਭਰਨ ਲਈ ਪਾਬੰਦ ਹੋਵਾਂਗਾ / ਹੋਵਾਂਗੇ।

https://d.docs.live.net/e32fc7199850119?/Desktop/Brochure KUSUM Punjabi 23.docx

ਧੰਨਵਾਦ ਸਹਿਤ

ਆਪ ਜੀ ਦਾ / ਦੇ ਸ਼ੁਭਚਿੰਤਕ

1. ਨਾਮ.....

2. ਨਾਮ.....

ਮਿਤੀ

https://d.docs.live.net/e32fc/1998501192/Desktop/Brochure KUSUM Punjabi 23.docx

Annexure-I

ਜਮੀਨ ਦੀ ਮਾਲਕੀ ਸਬੰਧੀ ਪਟਵਾਰੀ ਦਾ ਸਰਟੀਫਿਕੇਟ

ਤਸਦੀਕ ਕੀਤਾ ਜਾਂਦਾ ਹੈ ਕਿ

ਸ੍ਰੀ / ਸ੍ਰੀਮਤੀ.....ਪੁੱਤਰ/ਪਤਨੀ.....ਅਤੇ
ਸ੍ਰੀ / ਸ੍ਰੀਮਤੀ.....ਪੁੱਤਰ/ਪਤਨੀ.....
ਦੇ ਨਾਮ ਤੇ ਪਿੰਡ.....
ਡਾਕਖਾਨਾ..... ਬਲਾਕ.....
ਤਹਿਸੀਲ..... ਵਿਧਾਨ ਸਭਾ ਹਲਕਾ.....
ਜਿਲ੍ਹਾ..... (ਪੰਜਾਬ) ਵਿੱਚ ਮਾਲ ਵਿਭਾਗ ਦੇ ਰਿਕਾਰਡ ਅਨੁਸਾਰ

..... ਏਕੜ	..... ਕਨਾਲ	..... ਮਰਲੇ	..... ਵਰਗ ਮੀਟਰ

ਖੇਤੀ ਦੀ ਮਾਲਕੀ ਜਮੀਨ ਹੈ ਜੋ ਕਿ ਝਗੜੇ ਤੋਂ ਰਹਿਤ ਹੈ। ਜਿਸ ਦੇ ਖੇਵਟ, ਖਤੌਨੀ ਅਤੇ ਖਸਰਾ ਨੰਬਰ ਇਸ ਪ੍ਰਕਾਰ ਹਨ।

1. ਖੇਵਟ ਨੰ:.....
2. ਖਤੌਨੀ ਨੰ:.....
3. ਖਸਰਾ ਨੰ:.....

ਉੱਕਤ ਸਾਰੀ ਜਮੀਨ ਇੱਕ ਥਾਂ ਤੇ ਇੱਕਠੀ ਹੈ ਜਿਸ ਦੀ ਸੋਲਰ ਪੰਪ ਨਾਲ ਸਿੰਚਾਈ ਕੀਤੀ ਜਾ ਸਕਦੀ ਹੈ ।

ਪਟਵਾਰੀ ਦਾ ਨਾਮ ਅਤੇ ਹਸਤਾਖਰ

ਪਟਵਾਰ ਹਲਕਾ.....

ਮਿਤੀ.....

- ਵੱਖ-ਵੱਖ ਸਮਰੱਥਾ ਦੇ ਸੋਲਰ ਪੰਪ ਲਗਾਉਣ ਲਈ ਘੱਟੋ-ਘੱਟ ਲੋੜੀਂਦੀ ਜਮੀਨ ਦਾ ਵੇਰਵਾ (ਟਿੱਕ ਕਰੋ):-

ਲੜੀ ਨੰ:	**ਸੋਲਰ ਪੰਪ ਦੀ ਸਮਰੱਥਾ (ਹਾਰਸ ਪਾਵਰ)**	**ਘੱਟੋ-ਘੱਟ ਲੋੜੀਂਦੀ ਜਮੀਨ (ਏਕੜ)**
1	3	1
2	5	2
3	7.5	5
4	10	7

https://d.docs.live.net/e32fc7199850192/Desktop/Brochure KUSUM Punjabi 23.docx

Annexure-I (a)

ਜਮੀਨ ਦੀ ਮਾਲਕੀ ਸਬੰਧੀ ਕਿਸਾਨ ਦਾ ਹਲਫੀਆ ਬਿਆਨ

ਮੈਂ, ... ਪੁੱਤਰ / ਪਤਨੀ.....ਅਤੇ
.....ਪੁੱਤਰ / ਪਤਨੀ .....
ਪਿੰਡ.....ਡਾਕਖਾਨਾ.....ਬਲਾਕ.....ਤਹਿਸੀਲ.....
ਵਿਧਾਨ ਸਭਾ ਹਲਕਾ.....ਜਿਲ੍ਹਾ..... (ਪੰਜਾਬ) ਦਾ
/ ਦੇ ਰਹਿਣ ਵਾਲਾ / ਵਾਲੇ ਹਾਂ ਅਤੇ ਬਿਆਨ ਕਰਦਾ / ਕਰਦੇ ਹਾਂ:

ਇਹ ਕਿ, ਮੇਰੀ / ਸਾਡੀ ਪਿੰਡ.....
ਡਾਕਖਾਨਾ.....ਬਲਾਕ.....
ਤਹਿਸੀਲ.....ਵਿਧਾਨ ਸਭਾ ਹਲਕਾ.....
ਜਿਲ੍ਹਾ..... (ਪੰਜਾਬ) ਵਿੱਚ ਮਾਲ ਵਿਭਾਗ ਦੇ ਰਿਕਾਰਡ ਅਨੁਸਾਰ

..... ਏਕੜ	..... ਕਨਾਲ	..... ਮਰਲੇ	..... ਵਰਗ ਮੀਟਰ

ਖੇਤੀ ਵਾਲੀ ਜਮੀਨ ਹੈ ਜੋ ਕਿ ਝਗੜੇ ਤੋਂ ਰਹਿਤ ਹੈ, ਜਿਸਦਾ
ਖੇਵਟ ਨੰ. .....
ਖਤੋਨੀ ਨੰ.....
ਖਸਰਾ ਨੰ.....ਹੈ।

1. ਇਹ ਕਿ ਮੈਂ / ਅਸੀਂ ਇਸ ਜਮੀਨ ਦੇ ਅਸਲੀ ਮਾਲਕ ਹਾਂ ਅਤੇ ਇਸ ਦੀ ਸਿੰਚਾਈ ਵਾਸਤੇ ਪੀ.ਐਮ ਕੁਸਮ ਸਕੀਮ ਦੇ ਕੰਪੋਨੈਂਟ-ਬੀ ਅਧੀਨ ਸੋਲਰ ਪੰਪ ਲਗਾਉਣਾ ਚਾਹੁੰਦੇ ਹਾਂ ।
2. ਇਹ ਕਿ ਇਹ ਸਾਰੀ ਜਮੀਨ ਇੱਕ ਥਾਂ ਤੇ ਇੱਕਠੀ ਹੈ ਜਿਸ ਦੀ ਸੋਲਰ ਪੰਪ ਨਾਲ ਸਿੰਚਾਈ ਕੀਤੀ ਜਾ ਸਕਦੀ ਹੈ।
3. ਇਹ ਕਿ ਮੈਂ / ਅਸੀਂ ਸਕੀਮ ਦੇ ਦਸਤਾਵੇਜ਼ ਵਿੱਚ ਦਿੱਤੀਆਂ ਸਾਰੀਆਂ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕਰਾਂਗਾ/ ਕਰਾਂਗੇ। ਮੈਂ/ ਅਸੀਂ ਤਸਦੀਕ ਕਰਦੇ ਹਾਂ ਕਿ ਮੇਰੇ/ ਸਾਡੇ ਵੱਲੋਂ ਦਿੱਤਾ ਗਿਆ ਉਕੱਤ ਬਿਆਨ ਸਹੀ-ਵਾ ਦਰੁਸਤ ਹੈ ਅਤੇ ਕੁੱਝ ਵੀ ਛੁਪਾਇਆ ਨਹੀਂ ਗਿਆ ਹੈ ਅਤੇ ਜੇਕਰ ਦਿੱਤੀ ਗਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਸੋਲਰ ਪੰਪ ਦੀ ਅਲਾਟਮੈਂਟ ਰੱਦ ਕਰ ਦਿੱਤੀ ਜਾਵੇ ਅਤੇ ਇਸ ਸਬੰਧੀ ਪੈਣ ਵਾਲੇ ਪ੍ਰਭਾਵਾਂ ਅਤੇ ਕਾਨੂੰਨੀ ਕਾਰਵਾਈ ਲਈ ਮੈਂ ਖੁਦ ਜਿੰਮੇਵਾਰ ਹੋਵਾਂਗਾ।

ਮਿਤੀ.....
ਸਥਾਨ .....

ਬਿਆਨਕਰਤਾ 1

ਬਿਆਨਕਰਤਾ 2

ਨੋਟ:-

- ਡਾਰਕ ਜ਼ੋਨਾਂ ਵਾਲੇ ਕਿਸਾਨ ਆਪਣੀ ਜਮੀਨ ਵਾਲੇ ਪਿੰਡਾਂ ਅਤੇ ਬਲਾਕਾਂ ਨੂੰ ਚੰਗੀ ਤਰ੍ਹਾਂ ਪੜਤਾਲ ਕਰਕੇ ਹੀ ਚੁਣਨ ਅਤੇ ਅਗਰ ਕਿਸੇ ਡਾਰਕ ਜ਼ੋਨ ਵਾਲੇ ਕਿਸਾਨ ਨੇ ਆਪਣੀ ਜਮੀਨ 37 ਬਲਾਕਾਂ ਦੇ ਕਿਸੇ ਇੱਕ ਪਿੰਡ ਵਿੱਚ ਦਰਸਾ ਦਿੱਤੀ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਵਿੱਚੋਂ 10% ਕੱਟ ਲਈ ਜਾਵੇਗੀ ਅਤੇ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇਗਾ। ਅਗਰ ਕਿਸੇ ਕਾਰਨ ਸੋਲਰ ਪੰਪ ਲੱਗ ਜਾਂਦਾ ਹੈ ਤਾਂ ਕਿਸਾਨ ਮਾਈਕਰੋ ਸਿਸਟਮ ਲਗਾਏਗਾ ਜਾਂ ਉਸ ਨੂੰ ਸੋਲਰ ਪੰਪ ਦੀ ਪੂਰੀ ਕੀਮਤ ਪੇਡਾ ਨੂੰ ਵਾਪਿਸ ਕਰਨੀ ਹੋਵੇਗੀ ਅਤੇ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।
- ਵੱਖ-ਵੱਖ ਸਮਰੱਥਾ ਦੇ ਸੋਲਰ ਪੰਪ ਲਗਾਉਣ ਲਈ ਘੱਟੋ-ਘੱਟ ਲੋੜੀਂਦੀ ਜਮੀਨ ਦਾ ਵੇਰਵਾ (ਟਿੱਕ ਕਰੋ):-

ਲੜੀ ਨੰ:	ਸੋਲਰ ਪੰਪ ਦੀ ਸਮਰੱਥਾ (ਹਾਰਸ ਪਾਵਰ)	ਘੱਟੋ-ਘੱਟ ਲੋੜੀਂਦੀ ਜਮੀਨ (ਏਕੜ)
1	3	1
2	5	2
3	7.5	5
4	10	7

Annexure-II

https://d.docs.live.net/e32fc7199850119?/Desktop/Brochure KUSUM Punjabi 23.docx

PSPCL Certificate for non-providing of electric Power Connection (Electric motor) for irrigation of agriculture land

It is certified that Punjab State Power Corporation Limited (PSPCL) has not provided electricity connection for irrigation of agriculture land in the names of :-

i. Sh/ Smt. .....S / W of.....and

ii. Sh/ Smt. .....S / W of.....

and in the names of his/her/their family members, Village..... Post Office..... Block ..... Tehsil.....Assembly constituency..... Distt.....(Punjab).

Signature .....

Seal of issuing authority.....

Name of Department .....

Date.....

https://d.docs.live.net/e32fc7199850119?/Desktop/Brochure KUSUM Punjabi 23.docx

Annexure-II(a)

ਖੇਤੀ ਦੀ ਸਿੰਚਾਈ ਲਈ ਬਿਜਲੀ ਵਾਲੀ ਮੋਟਰ ਦਾ ਕੁਨੈਕਸ਼ਨ ਨਾ ਹੋਣ ਸਬੰਧੀ ਕਿਸਾਨ ਦਾ ਹਲਫੀਆ ਬਿਆਨ।

ਮੈਂ, ... ਪੁੱਤਰ / ਪਤਨੀ..... ਅਤੇ
.....ਪੁੱਤਰ / ਪਤਨੀ .....
ਪਿੰਡ.....ਡਾਕਖਾਨਾ.....
ਬਲਾਕ.....ਤਹਿਸੀਲ..... ਵਿਧਾਨ ਸਭਾ
ਹਲਕਾ..... ਜਿਲ੍ਹਾ..... (ਪੰਜਾਬ) ਦਾ / ਦੇ
ਰਹਿਣ ਵਾਲਾ / ਵਾਲੇ ਹਾਂ ਅਤੇ ਬਿਆਨ ਕਰਦਾ / ਕਰਦੇ ਹਾਂ :-

1. ਇਹ ਕਿ, ਮੇਰੀ / ਸਾਡੀ ਜਮੀਨ ਪਿੰਡ.....
   ਡਾਕਖਾਨਾ..... ਬਲਾਕ.....
   ਤਹਿਸੀਲ.....ਵਿਧਾਨ ਸਭਾ ਹਲਕਾ.....
   ਜਿਲ੍ਹਾ..... (ਪੰਜਾਬ) ਵਿੱਚ ਹੈ।
2. ਇਹ ਕਿ ਮੈਂ / ਅਸੀਂ ਇਸ ਜਮੀਨ ਦੇ ਅਸਲੀ ਮਾਲਕ ਹਾਂ ਅਤੇ ਇਸ ਵਿੱਚ ਪੀ.ਐਮ ਕੁਸਮ ਸਕੀਮ ਦੇ ਕੰਪੋਨੈਂਟ-ਬੀ ਅਧੀਨ ਸੋਲਰ ਪੰਪ ਲਗਾਉਣਾ ਚਾਹੁੰਦੇ ਹਾਂ ।
3. ਇਹ ਕਿ ਪੰਜਾਬ ਸਟੇਟ ਪਾਵਰ ਕਾਰਪੋਰਸ਼ਨ ਵਲੋਂ ਮੇਰੇ / ਸਾਡੇ ਅਤੇ ਪਰਿਵਾਰਿਕ ਮੈਂਬਰਾਂ ਦੇ ਨਾਮ ਤੇ ਖੇਤੀ ਦੀ ਸਿੰਚਾਈ ਲਈ ਬਿਜਲੀ ਦਾ ਕੁਨੈਕਸ਼ਨ ਨਹੀ ਦਿੱਤਾ ਗਿਆ ਹੈ।
4. ਇਹ ਕਿ ਮੈਨੂੰ / ਸਾਨੂੰ ਜੇਕਰ ਸੋਲਰ ਪੰਪ ਅਲਾਟ ਹੋ ਜਾਂਦਾ ਹੈ ਤਾਂ ਮੈਂ / ਅਸੀਂ ਅਤੇ ਪਰਿਵਾਰਿਕ ਮੈਂਬਰ ਪੰਜਾਬ ਸਟੇਟ ਪਾਵਰ ਕਾਰਪੋਰਸ਼ਨ ਤੋਂ ਖੇਤੀ ਦੀ ਸਿੰਚਾਈ ਲਈ ਬਿਜਲੀ ਦਾ ਵੱਖਰਾ ਕੁਨੈਕਸ਼ਨ ਨਹੀਂ ਲਵਾਂਗੇ ਅਤੇ ਜੇਕਰ ਪੰਜਾਬ ਸਟੇਟ ਪਾਵਰ ਕਾਰਪੋਰਸ਼ਨ ਚਾਹੇ ਤਾਂ ਇਸ ਸੋਲਰ ਪੰਪ ਨੂੰ ਗਰਿੱਡ ਕੁਨੈਕਟਡ ਸੋਲਰ ਪੰਪ ਵਿੱਚ ਤਬਦੀਲ ਕਰਵਾ ਲਵਾਂਗਾ / ਲਵਾਂਗੇ।

   ਮੈਂ / ਅਸੀਂ ਤਸਦੀਕ ਕਰਦਾ / ਕਰਦੇ ਹਾਂ ਕਿ ਮੇਰੇ / ਸਾਡੇ ਵਲੋਂ ਦਿੱਤਾ ਗਿਆ ਉਕੱਤ ਬਿਆਨ ਸਹੀ-ਵਾ-ਦਰੁਸਤ ਹੈ ਅਤੇ ਕੁੱਝ ਵੀ ਛੁਪਾਇਆ ਨਹੀਂ ਗਿਆ ਹੈ ਅਤੇ ਜੇਕਰ ਦਿੱਤੀ ਗਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਸੋਲਰ ਪੰਪ ਦੀ ਅਲਾਟਮੈਂਟ ਰੱਦ ਕਰ ਦਿੱਤੀ ਜਾਵੇ ਅਤੇ ਸਕੀਮ ਦੀਆਂ ਸ਼ਰਤਾਂ ੪(p) ਅਤੇ (q) ਅਨੁਸਾਰ ਬਣਦੀ ਕਾਰਵਾਈ ਅਤੇ ਇਸ ਸਬੰਧੀ ਪੈਣ ਵਾਲੇ ਪ੍ਰਭਾਵਾਂ ਅਤੇ ਕਾਨੂੰਨੀ ਕਾਰਵਾਈ ਲਈ ਮੈਂ ਖੁਦ ਜਿੰਮੇਵਾਰ ਹੋਵਾਂਗਾ।

ਮਿਤੀ.....

ਸਥਾਨ .....

ਬਿਆਨਕਰਤਾ 1

ਬਿਆਨਕਰਤਾ 2

Annexure-III

https://d.docs.live.net/e32fc/1998501192/Desktop/Brochure KUSUM Punjabi 23.docx

Certificate for Micro (Drip / Sprinkler) irrigation, Farm Pond/ Diggie/ Village Pond to be issued by Departments of Agriculture / Horticulture/ Soil & Water Conservation/ micro system installation company.

It is certified thatl;

i. Sh/ Smt. .....S / W of.....

or

ii. Panchayat.....Village.....Post Office.....Block.....

Tehsil.....Assembly Constituency.....

Distt. ..... (Punjab) is using the following system for irrigation of the agriculture land.

(Tick which ever is applicable)

i. A diesel Pump operated Drip system ( ) or sprinler system. ( )

ii. Farm pond / Diggie which is filled with canal / river water. Size (.....x.....) ft. ( )

iii. Village Pond (only for Village Panchayat) ( )

Signature.....

Seal of issuing authority.....

Name of Department/ company .....

Date.....

Note: The Drip/sprinler installation company will issue the certificate only for drip/sprinkler systems.

https://d.docs.live.net/e32fc7199850197/Desktop/Brochure KUSUM Punjabi 23.docx

ਖੇਤੀ ਦੀ ਸਿੰਚਾਈ ਲਈ ਲਘੂ / ਮਾਈਕਰੋ ਸਿਸਟਮ/ ਫਾਰਮ ਪੌਂਡ/ ਡਿੱਗੀ/ ਪਿੰਡ ਦਾ ਛੱਪੜ ਹੋਣ ਸਬੰਧੀ ਕਿਸਾਨ / ਗ੍ਰਾਮ ਪੰਚਾਇਤ ਦਾ ਹਲਫੀਆ ਬਿਆਨ।

ਮੈਂ, ... ਪੁੱਤਰ / ਪਤਨੀ.....

ਜਾਂ

ਗ੍ਰਾਮ ਪੰਚਾਇਤ.....

ਪਿੰਡ.....ਡਾਕਖਾਨਾ.....

ਬਲਾਕ.....ਤਹਿਸੀਲ..... ਵਿਧਾਨ ਸਭਾ ਹਲਕਾ..... ਜਿਲ੍ਹਾ..... (ਪੰਜਾਬ) ਦਾ / ਦੇ ਰਹਿਣ ਵਾਲਾ / ਵਾਲੇ ਹਾਂ ਅਤੇ ਬਿਆਨ ਕਰਦਾ / ਕਰਦੇ ਹਾਂ :-

1. ਇਹ ਕਿ, ਮੇਰੀ / ਸਾਡੀ ਜਮੀਨ ਪਿੰਡ..... ਡਾਕਖਾਨਾ..... ਬਲਾਕ..... ਤਹਿਸੀਲ.....ਵਿਧਾਨ ਸਭਾ ਹਲਕਾ..... ਜਿਲ੍ਹਾ..... (ਪੰਜਾਬ) ਵਿੱਚ ਹੈ।
2. ਇਹ ਕਿ ਮੈਂ / ਅਸੀਂ ਪੀ.ਐਮ ਕੁਸਮ ਸਕੀਮ ਦੇ ਕੰਪੋਨੈਂਟ-ਬੀ ਅਧੀਨ ਸੋਲਰ ਪੰਪ ਲਗਾਉਣਾ ਚਾਹੁੰਦੇ ਹਾਂ ਅਤੇ ਖੇਤੀ ਦੀ ਸਿੰਚਾਈ ਹੇਠ ਲਿਖੇ ਸਾਧਨ ਰਾਹੀਂ ਕਰਦਾ/ ਕਰਦੇ ਹਾਂ।

(ਜੋ ਲਾਗੂ ਹੈ ਟਿੱਕ ਕਰੋ ਜੀ)

- ਤੁਪਕਾ (Drip) ਸਿੰਚਾਈ ਸਿਸਟਮ ( ) ਜਾਂ ਫੁਹਾਰਾ (sprinkler) ਸਿੰਚਾਈ ਸਿਸਟਮ ( )

ਜਾਂ

- ਮੈਂ ਪਹਿਲਾਂ ਤੋਂ ਕੀਤੇ ਹੋਏ ਬੋਰ ਜਿਸ ਵਿੱਚੋਂ ਪਾਣੀ ਡੀਜ਼ਲ ਇੰਜਣ ਨਾਲ ਕੱਢਿਆ ਜਾਂਦਾ ਹੈ ਉਤੇ ਤੁਪਕਾ/ਫੁਹਾਰਾ ਸਿੰਚਾਈ ਸਿਸਟਮ ਲਗਵਾ ਕੇ ਇਸ ਦਾ ਫੋਟੋਗ੍ਰਾਫ ਅਤੇ ਸਬੰਧਤ ਵਿਭਾਗ ਦਾ ਸਰਟੀਫਿਕੇਟ ਪੇਡਾ ਨੂੰ ਅਗਲੇ 15 ਦਿਨਾਂ ਵਿੱਚ ਜਮ੍ਹਾ ਕਰਵਾ ਦੇਵਾਂਗਾ। ਟਜਿਹਾ ਨਾ ਕਰਨ ਦੀ ਸੂਰਤ ਵਿੱਚ ਸਕੀਮ ਦੀ ਕਲਾਜ਼-੪ (p ਅਤੇ q) ਅਨੁਸਾਰ ਕਾਰਵਾਈ ਲਈ ਮੈਂ ਖੁੱਦ ਜਿੰਮੇਵਾਰ ਹੋਵਾਂਗਾ। ( )
- ਫਾਰਮ ਪੌਂਡ/ਡਿੱਗੀ ਜਿਸ ਨੂੰ ਨਹਿਰੀ ਜਾਂ ਦਰਿਆ ਦੇ ਪਾਣੀ ਨਾਲ ਭਰਿਆ ਜਾਂਦਾ ਹੈ। size(.....x.....) ft.( )
- ਪਿੰਡ ਦਾ ਛੱਪੜ (ਸਿਰਫ ਪਿੰਡ ਦੀ ਪੰਚਾਇਤ ਲਈ) ( )

ਮੈਂ / ਅਸੀਂ ਸਕੀਮ ਦੇ ਦਸਤਾਵੇਜ਼ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਹੈ ਅਤੇ ਤਸਦੀਕ ਕਰਦਾ/ਕਰਦੇ ਹਾਂ ਕਿ ਮੇਰੇ/ਸਾਡੇ ਵੱਲੋਂ ਦਿੱਤਾ ਗਿਆ ਉਕੱਤ ਬਿਆਨ ਸਹੀ-ਵਾ-ਦਰੁਸਤ ਹੈ ਅਤੇ ਕੁੱਝ ਵੀ ਛੁਪਾਇਆ ਨਹੀਂ ਗਿਆ ਹੈ ਅਤੇ ਜੇਕਰ ਦਿੱਤੀ ਗਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਸੋਲਰ ਪੰਪ ਦੀ ਅਲਾਟਮੈਂਟ ਰੱਦ ਕਰ ਦਿੱਤੀ ਜਾਵੇ ਅਤੇ ਇਸ ਸਬੰਧੀ ਪੈਣ ਵਾਲੇ ਪ੍ਰਭਾਵਾਂ ਅਤੇ ਕਾਨੂੰਨੀ ਕਾਰਵਾਈ ਲਈ ਮੈਂ ਖੁਦ ਜਿੰਮੇਵਾਰ ਹੋਵਾਂਗਾ।

ਮਿਤੀ.....

ਸਥਾਨ .....

ਬਿਆਨਕਰਤਾ 1

ਬਿਆਨਕਰਤਾ 2